26-Feb-Sunday.qxd 2/25/2023 9:58 PM Page 1

ਨੂਰ ਵਰਾਉਂਦੇ ਸ਼ਬਦ
ਆਖਰੀ ਸਫ਼ੇ 'ਤੇ

ਨਵਾਂ ਜ਼ਮਾਨਾ
ਐਤਵਾਰਤਾ

www.nawanzamana.in

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 26 ਫਰਵਰੀ 2023

ਕੀਮਤ 5.00 ਰੁਪਏ

ਦੇਰ ਹੋਈ ਹੁਣ ਮੁਹੱਲੇ ਵਿੱਚ
ਕਦੇ ਵੱਜਿਆ ਨਾ ਢੋਲ
ਨਾ ਬਨੇਰੇ ਖਿੜਕੀਆਂ ਨੇ
ਵੇਖਿਆ ਬਰਾਤ ਨੂੰ

-ਜਗਵਿੰਦਰ ਜੋਧਾ

ਨ.ਫ਼ਰਤ ਦੀ ਖੇਤੀ ਕਰਦੇ ਸੱਜੇ-ਪੱਖੀ ਯੂਟਿਊਬਰ-2

ਸਮਕਾਲੀ ਸਰੋਕਾਰ

ਨੀਲ ਮਾਧਵ ਤੇ ਅਲੀਸ਼ਾਨ ਜ਼ਾਫਰੀ

ਕੁਝ ਤਕਨੀਕੀ ਕਾਰਨਾਂ ਕਰਕੇ 12 ਫਰਵਰੀ 2023 ਨੂੰ 'ਐਤਵਾਰਤਾ' 'ਚ ਪ੍ਰਕਾਸ਼ਿਤ ਹੋਏ ਲੇਖ 'ਨ.ਫ਼ਰਤ ਦੀ ਖੇਤੀ ਕਰਦੇ ਸੱਜੇ-ਪੱਖੇ ਯੂਟਿਊਬਰ' ਦਾ ਬਾਕੀ ਭਾਗ ਰਹਿ ਗਿਆ ਸੀ, ਜਿਸ ਨੂੰ ਅਸੀਂ ਇਸ ਵਾਰ ਪਾਠਕਾਂ ਲਈ ਪੇਸ਼ ਕਰ ਰਹੇ ਹਾਂ। -ਸੰਪਾਦਕ

ਵੀਡੀਓ ਵਿਚ ਕੀਤੇ ਗਏ ਦਾਅਵੇ ਆਲਟ ਨਿਊਜ਼ ਵੱਲੋਂ ਲੱਗਭੱਗ ਤੁਰੰਤ ਹੀ ਰੱਦ ਕਰ ਦਿੱਤੇ ਗਏ ਸਨ, ਪਰ ਇਸ ਨਾਲ ਇਸ ਵੀਡੀਓ ਦੇ ਫੈਲਣ ਨੂੰ ਰੋਕਿਆ ਨਾ ਜਾ ਸਕਿਆ। ਭਾਜਪਾ ਦੀ ਦਿੱਲੀ ਇਕਾਈ ਦੇ ਅਧਿਕਾਰਤ ਹੈਂਡਲ ਨੇ ਇਹ ਵੀਡੀਓ ਸ਼ੇਅਰ ਕੀਤੀ, ਇਸੇ ਤਰ੍ਹਾਂ ਭਾਜਪਾ ਦੇ ਬੁਲਾਰੇ ਤਜਿੰਦਰ ਬੱਗਾ ਨੇ ਸ਼ੇਅਰ ਕੀਤੀ, ਜੋ 80 ਹਜ਼ਾਰ ਦੇ ਕਰੀਬ ਦਰਸ਼ਕਾਂ ਵੱਲੋਂ ਦੇਖੀ ਗਈ। ਭਾਜਪਾ ਵੱਲੋਂ ਕੇਜਰੀਵਾਲ ਉੱਪਰ ਰੋਹਿੰਗਿਆ ਭਾਈਚਾਰੇ ਦੀ ਮਦਦ ਕਰਨ ਦਾ ਇਲਜ਼ਾਮ ਇਕ ਵੱਡਾ ਸਿਆਸੀ ਵਿਵਾਦ ਬਣ ਗਿਆ, ਜੋ ਅਗਲੇ ਮਹੀਨੇ ਪ੍ਰਮੁੱਖ ਖ਼ਬਰਾਂ ਬਣ ਕੇ ਛਾਇਆ ਰਿਹਾ।

ਰਿਪੋਰਟਾਂ ਦੱਸਦੀਆਂ ਹਨ ਕਿ ਦੋ ਕੁ ਸਾਲ ਪਹਿਲਾਂ ਬਣਾਈ ਯੋਜਨਾ ਅਨੁਸਾਰ ਹਾਊਸਿੰਗ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ ਹਰਦੀਪ ਪੁਰੀ ਨੇ ਐਲਾਨ ਕੀਤਾ ਸੀ ਕਿ ਕੈਂਪ ਦੇ ਸ਼ਰਨਾਰਥੀਆਂ ਨੂੰ ਦਿੱਲੀ ਦੇ ਬੱਕਰਵਾਲਾ ਮੁਹੱਲੇ 'ਚ ਸੁਰੱਖਿਅਤ ਘਰਾਂ ਵਿਚ ਭੇਜਿਆ ਜਾ ਰਿਹਾ ਹੈ, ਪਰ ਸ਼ਾਇਦ ਆਪ ਸਰਕਾਰ ਵੱਲੋਂ ਸ਼ਰਨਾਰਥੀ ਭਾਈਚਾਰੇ ਦੀਆਂ ਕੁਝ ਕੁ ਜ਼ਰੂਰਤਾਂ ਪੂਰੀਆਂ ਕਰਨ ਬਾਰੇ ਹੋ ਰਹੀ ਚਰਚਾ ਨੂੰ ਦੇਖਦੇ ਹੋਏ ਮੰਤਰਾਲੇ ਨੇ ਤੁਰੰਤ ਇਕ ਬਿਆਨ ਜਾਰੀ ਕੀਤਾ ਕਿ ਉਸ ਨੇ 'ਨਵੀਂ ਦਿੱਲੀ ਵਿਚ ਬੱਕਰਵਾਲਾ ਵਿਖੇ ਗ਼ੈਰਕਾਨੂੰਨੀ ਰੋਹਿੰਗਿਆ ਸ਼ਰਨਾਰਥੀਆਂ ਨੂੰ ਈ.ਵੀ.ਐੱਸ. ਫਲੈਟ ਦੇਣ ਲਈ ਕੋਈ ਨਿਰਦੇਸ਼ ਨਹੀਂ ਦਿੱਤਾ।' ਇਸ ਦੀ ਬਜਾਏ ਮੰਤਰਾਲੇ ਨੇ ਦਾਅਵਾ ਕੀਤਾ ਕਿ ਇਹ ਤਾਂ ਦਿੱਲੀ ਸਰਕਾਰ ਵੱਲੋਂ ਤਜਵੀਜ਼ ਕੀਤਾ ਗਿਆ ਸੀ।

ਦਿੱਲੀ ਦੇ ਉੱਪ ਮੁੱਖ ਮੰਤਰੀ ਮਨੀਸ਼ ਸਿਸੌਦੀਆ ਨੇ ਵੀ ਅਜਿਹਾ ਕੋਈ ਆਦੇਸ਼ ਜਾਰੀ ਕੀਤੇ ਜਾਣ ਤੋਂ ਇਨਕਾਰ ਕੀਤਾ ਅਤੇ ਆਪਣਾ ਪਹਿਲਾ ਦਾਅਵਾ ਦੁਹਰਾਇਆ ਕਿ ਭਾਜਪਾ ਰਾਜਧਾਨੀ ਵਿਚ ਸ਼ਰਨਾਰਥੀਆਂ ਨੂੰ "ਗ਼ੈਰ-ਕਾਨੂੰਨੀ ਤਰੀਕੇ ਨਾਲ ਵਸਾਉਣ ਦੀ ਸਾਜ਼ਿਸ਼" ਕਰ ਰਹੀ ਸੀ। ਨਤੀਜਾ ਇਹ ਹੋਇਆ ਕਿ ਜਿਨ੍ਹਾਂ ਸ਼ਰਨਾਰਥੀਆਂ ਨੂੰ ਸੰਯੁਕਤ ਰਾਸ਼ਟਰ ਨੇ ਦੁਨੀਆ ਦੀ "ਸਭ ਤੋਂ ਵਧੇਰੇ ਸਤਾਈ ਹੋਈ ਘੱਟਗਿਣਤੀ" ਕਿਹਾ, ਉਨ੍ਹਾਂ ਨੂੰ ਦੋਵਾਂ ਪਾਰਟੀਆਂ ਨੇ ਹੋਰ ਵੀ ਅਣਮਨੁੱਖੀ ਬਣਾਉਣਾ ਜਾਰੀ ਰੱਖਿਆ ਜਿਸ ਦੀ ਤਕਰੀਬਨ ਹਰ ਪ੍ਰਿੰਟ ਅਤੇ ਟੈਲੀਵੀਜ਼ਨ ਨਿਊਜ਼ ਰੂਮ ਵਿਆਪਕ ਕਵਰੇਜ਼ ਕਰਦੇ ਰਹੇ। ਨਿਊਜ਼ 18 ਨੇ ਇਸ ਵਿਸ਼ੇ ਉੱਪਰ ਪ੍ਰਾਈਮ ਟਾਈਮ ਬਹਿਸ ਚਲਾਈ, ਜਦੋਂ ਕਿ ਐੱਨ ਡੀ ਟੀ ਵੀ ਨੇ ਕਈ ਜ਼ਮੀਨੀ ਰਿਪੋਰਟਾਂ ਦਿੱਤੀਆਂ। ਸਾਡੇ ਵੱਲੋਂ ਭੇਜੇ ਸਵਾਲਾਂ ਦਾ ਜਵਾਬ ਨਾ ਦਿੱਲੀ ਭਾਜਪਾ ਅਤੇ ਆਪ ਨੇ ਦਿੱਤਾ ਅਤੇ ਨਾ ਹੀ ਬੱਗਾ ਅਤੇ ਸਿਸੌਦੀਆ ਨੇ।

ਵਰਤਮਾਨ ਭਾਰਤ ਦਾ ਸ਼ਾਹੀਨ ਬਾਗ਼ ਅਤੇ ਪਿਆਰਾ ਹਿੰਦੁਸਤਾਨ ਦਾ ਮਦਨਪੁਰ ਖਾਦਰ ਵੀਡੀਓ ਇਸਲਾਮ ਨੂੰ ਹਊਆ ਬਣਾ ਕੇ ਪੇਸ਼ ਕਰਦੀ ਸਮੱਗਰੀ ਨੂੰ ਯੂਟਿਊਬ ਤੋਂ 'ਮੁੱਖ ਧਾਰਾ' ਦੇ ਪਲੇਟਫਾਰਮਾਂ 'ਤੇ ਲਿਆਉਣ ਵਿਚ ਭਾਜਪਾ ਨੇਤਾਵਾਂ ਦੀ ਭੂਮਿਕਾ ਨੂੰ ਦਰਸਾਉਂਦੇ ਹਨ। ਭਾਜਪਾ ਦੀ ਲੀਡਰਸ਼ਿਪ ਅਤੇ ਘੋਰ ਸੱਜੇਪੱਖੀ ਸਮੱਗਰੀ ਬਣਾਉਣ ਵਾਲਿਆਂ ਦਾ ਦੁਵੱਲਾ ਲਾਭਦਾਇਕ ਰਿਸ਼ਤਾ ਹੈ। ਅਵਸਥੀ ਨੇ ਸਾਨੂੰ ਦੱਸਿਆ ਕਿ ਜਿੱਥੋਂ ਤੱਕ ਉਸ ਨੂੰ ਪਤਾ ਹੈ ਭਾਜਪਾ ਇਨ੍ਹਾਂ ਸਮੱਗਰੀ ਨਿਰਮਾਤਾਵਾਂ ਨੂੰ ਸਿੱਧੇ ਤੌਰ 'ਤੇ ਭੁਗਤਾਨ ਨਹੀਂ ਕਰਦੀ। "ਬਲੱਕ ਕੁਝ ਆਗੂਆਂ ਨੇ ਕੁਝ ਮਾਮਲਿਆਂ 'ਚ ਚੈਨਲ 'ਤੇ ਆਉਣ ਲਈ ਵਿਅਕਤੀਗਤ ਤੌਰ 'ਤੇ ਭੁਗਤਾਨ ਕੀਤਾ ਹੋ ਸਕਦਾ ਹੈ, ਪਰ ਇਸ ਤੋਂ ਵਧੇਰੇ ਕੋਈ ਬਕਾਇਦਾ ਭੁਗਤਾਨ ਪ੍ਰਣਾਲੀ ਜਾਂ ਅਜਿਹਾ ਕੁਝ ਨਹੀਂ ਹੈ," ਉਸ ਨੇ ਕਿਹਾ।

ਫਿਰ ਵੀ ਉਨ੍ਹਾਂ ਦੇ ਵੀਡੀਓ ਦਾ ਜਿਸ ਤਰ੍ਹਾਂ ਦਾ ਪ੍ਰਚਾਰ ਭਾਜਪਾ ਦੇ ਆਗੂ ਕਰਦੇ ਹਨ, ਉਸ ਦੀ ਬਦੌਲਤ ਉਨ੍ਹਾਂ ਦੀ ਨਿੱਜੀ ਆਮਦਨ ਮੁੱਖ ਧਾਰਾ ਮੀਡੀਆ ਵਿਚ ਉਨ੍ਹਾਂ ਦੇ ਹਮਰੁਤਬਾ ਦੀਆਂ ਤਨਖ਼ਾਹਾਂ ਤੋਂ ਕਿਤੇ ਵੱਧ ਹੈ। ਅਵਸਥੀ ਹੁਣ ਇਕ ਉੱਭਰਦੇ ਕਾਰੋਬਾਰੀ ਵਾਲੇ ਭਰੋਸੇ ਨਾਲ ਗੱਲ ਕਰਦਾ ਹੈ। ਉਸ ਨੇ ਸਾਨੂੰ ਦੱਸਿਆ ਕਿ ਓ ਨਿਊਜ਼ ਹਿੰਦੀ ਇਕ ਮਹੀਨੇ ਵਿਚ 1 ਲੱਖ ਰੁਪਏ ਤੋਂ ਵੀ ਘੱਟ ਕਮਾਉਂਦਾ ਹੈ, ਜਦੋਂ ਕਿ ਫੇਸਬੁੱਕ ਤੋਂ ਮਹੀਨਾਵਾਰ ਆਮਦਨ ਕਈ ਵਾਰ 5 ਲੱਖ ਰੁਪਏ ਤੱਕ ਪਹੁੰਚ ਜਾਂਦੀ ਹੈ। ਓ ਨਿਊਜ਼ ਹਿੰਦੀ ਦਾ ਦਵਾਰਕਾ ਵਿਚ ਸਹੂਲਤਾਂ ਨਾਲ ਲੈਸ ਦਫ਼ਤਰ ਹੈ ਅਤੇ ਉਹ ਆਪਣੇ ਪੱਤਰਕਾਰਾਂ ਦੇ ਸਫ਼ਰ ਦੇ ਖ਼ਰਚੇ ਸੌਖਿਆਂ ਹੀ ਚੁੱਕ ਸਕਦਾ ਹੈ। ਇਹ ਖ਼ਾਸ ਤੌਰ 'ਤੇ ਮਹੱਤਵਪੂਰਨ ਹੈ, ਕਿਉਂਕਿ ਚੋਣ ਸਰਕਟ ਅਵਸਥੀ ਦੇ ਮੁਕਾਬਲੇਬਾਜ਼ਾਂ ਲਈ ਸਭ ਤੋਂ ਵੱਧ ਲਾਭਦਾਇਕ ਦੌੜ ਹੈ। ਉਨ੍ਹਾਂ ਦੀ ਟੀਮ ਮੁੱਢਲੀ ਜੋੜੀ ਦੇ ਨਾਲੋਂ ਵਿਸਤਾਰਤ ਹੋ ਗਈ ਹੈ, ਜੋ ਪਹਿਲਾਂ ਸ਼ੂਟਿੰਗ, ਸੰਪਾਦਨ, ਪੇਸ਼ਕਾਰੀ ਅਤੇ ਅਪਲੋਡ ਕਰਨ ਦਾ ਸਾਰਾ ਕੰਮ ਖ਼ੁਦ ਹੀ ਕਰਦੀ ਸੀ। ਉਸ ਨੇ ਦੱਸਿਆ ਕਿ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿਚ (ਚੋਣਾਂ ਨੂੰ ਮੁੱਖ ਰੱਖ ਕੇ) ਵੌਕਸ ਪੌਪ ਰੁੱਤ ਦੀ ਯੋਜਨਾ ਬਣਾਈ ਗਈ ਹੈ, ਪਰ ਇਸ ਨੂੰ ਉਹ ਸੌਖਾ ਸਮਝਦਾ ਸੀ। "ਮੈਂ 2024 'ਤੇ ਧਿਆਨ ਕੇਂਦਰਿਤ ਕਰਨਾ ਸ਼ੁਰੂ ਕਰ ਦਿੱਤਾ ਹੈ, ਉਸ ਚੋਣ ਲਈ ਸਮੱਗਰੀ ਅਸੀਂ ਪਹਿਲਾਂ ਹੀ ਤਿਆਰ ਕਰ ਰਹੇ ਹਾਂ।" ਹੋਰ ਚੈਨਲਾਂ ਨੇ ਵੀ ਆਪਣੀਆਂ 2024 ਯੂਟਿਊਬ ਪਲੇਲਿਸਟਾਂ ਭਰਨੀਆਂ ਸ਼ੁਰੂ ਕਰ ਦਿੱਤੀਆਂ ਹਨ।

ਭਾਜਪਾ ਦੇ ਅਧਿਕਾਰਤ ਸੋਸ਼ਲ ਮੀਡੀਆ ਹੈਂਡਲ ਅਤੇ ਨਾਲ ਹੀ ਉਨ੍ਹਾਂ ਦੇ ਆਗੂ ਉਨ੍ਹਾਂ ਦੀ ਸਮੱਗਰੀ ਦੇ ਫੈਲਾਅ ਨੂੰ ਜ਼ਰਬਾਂ ਦੇ ਕੇ ਅਹਿਸਾਨ ਮੋੜਨ ਲਈ ਬਹੁਤ ਤੱਤਪਰ ਰਹਿੰਦੇ ਹਨ। ਸਿਰਫ਼ ਅੱਠ ਦਿਨਾਂ ਦੇ ਅਰਸੇ 'ਚ ਹੀ ਅਸੀਂ ਦੇਖਿਆ ਕਿ ਭਾਜਪਾ ਦੀ ਦਿੱਲੀ ਇਕਾਈ ਦੇ ਟਵਿੱਟਰ ਹੈਂਡਲ ਨੇ ਉਨ੍ਹਾਂ ਚੈਨਲਾਂ ਦੇ ਘੱਟੋ-ਘੱਟ 9 ਵੀਡੀਓ ਸਾਂਝੇ ਕੀਤੇ ਜਿਨ੍ਹਾਂ ਦਾ ਜ਼ਿਕਰ ਅਸੀਂ ਕੀਤਾ ਹੈ। ਜਿਵੇਂ-ਜਿਵੇਂ ਨਗਰ ਨਿਗਮ ਚੋਣਾਂ ਨੇੜੇ ਆ ਰਹੀਆਂ ਸਨ, ਇਹ ਮੁੱਖ ਤੌਰ 'ਤੇ ਸ਼ਹਿਰੀ ਮੁੱਦਿਆਂ, ਹਸਪਤਾਲਾਂ ਅਤੇ ਬਿਜਲੀ ਦੀ ਕਮੀ ਨੂੰ ਲੈ ਕੇ ਸਨ। ਅਵਸਥੀ ਨੇ ਕਿਹਾ, "ਇਹ ਦੋਵਾਂ ਸੰਸਥਾਵਾਂ ਲਈ ਸਹਾਈ ਹੁੰਦਾ ਹੈ। ਭਾਜਪਾ ਨੂੰ ਸਾਡੀ ਰਿਪੋਰਟਿੰਗ ਤੋਂ ਉਨ੍ਹਾਂ ਦੇ ਸੋਸ਼ਲ ਮੀਡੀਆ ਲਈ ਸਮੱਗਰੀ ਮਿਲਦੀ ਹੈ ਅਤੇ ਜਦੋਂ ਉਹ ਵੀਡੀਓ ਵਾਇਰਲ ਕਰਦੇ ਹਨ ਤਾਂ ਉਨ੍ਹਾਂ ਵਿਚ ਸਾਡੇ ਚੈਨਲ ਦਾ ਨਾਂਅ ਅਤੇ ਲੋਗੋ ਲੱਗਿਆ ਰਹਿੰਦਾ ਹੈ। ਇਸ ਨਾਲ ਸਾਡੀ ਪਹੁੰਚ ਵਧਣ ਨਾਲ ਸਾਨੂੰ ਫ਼ਾਇਦਾ ਹੁੰਦਾ ਹੈ।"

ਮੁੱਖ ਧਾਰਾ ਮੀਡੀਆ ਵਿਚ ਪਲੇਟਫਾਰਮ ਦੀ ਘਾਟ ਕਾਰਨ ਹਿੰਦੂ ਕੱਟੜਪੰਥੀਆਂ ਦੇ ਕਈ ਅੱਤਵਾਦੀ ਅਨਸਰਾਂ ਨੂੰ ਡਿਜੀਟਲ ਮੀਡੀਆ ਵਿਚ ਅੱਡਾ ਮਿਲ ਗਿਆ ਹੈ। ਭਾਰਤੀ ਜਨਤਾ ਯੁਵਾ ਮੋਰਚਾ ਦਾ ਸਾਬਕਾ ਨੇਤਾ ਸੰਜੀਵ ਭਾਟੀ ਇਕ ਅਜਿਹੀ ਸ਼ਖਸੀਅਤ ਹਨ, ਜੋ ਹੁਣ ਹਿੰਦੂ ਸੈਨਾ ਨਾਂਅ ਦੇ ਸੰਗਠਨ ਦੀ ਅਗਵਾਈ ਕਰਦਾ ਹੈ। ਮਈ 2022 'ਚ ਇਕ ਵਾਇਰਲ ਸੰਦੇਸ਼ ਵਿਚ ਦਾਅਵਾ ਕੀਤਾ ਗਿਆ ਕਿ ਸ਼ਿਰਡੀ ਸਾਈਂ ਬਾਬਾ ਇਕ "ਜੇਹਾਦੀ" ਸੀ, ਉਹ 19ਵੀਂ ਸਦੀ ਦਾ ਇਕ ਸੰਤ ਹੋਇਆ ਹੈ, ਜਿਸ ਨੂੰ ਹਿੰਦੂ ਪੂਜਦੇ ਹਨ। ਇਕ ਹੋਰ ਵਾਇਰਲ ਸੰਦੇਸ਼ ਵਿਚ ਇਲਜ਼ਾਮ ਲਾਇਆ ਗਿਆ ਕਿ ਉਹ ਝਾਂਸੀ ਦੀ ਰਾਣੀ ਲਕਸ਼ਮੀ ਬਾਈ ਦੇ ਕਤਲ ਦੀ ਸਾਜ਼ਿਸ਼ ਵਿਚ ਸ਼ਾਮਲ ਸੀ।

ਭਾਟੀ ਨੇ ਆਪਣੇ ਫੇਸਬੁੱਕ ਪੇਜ ਉੱਪਰ ਅਪਲੋਡ ਕੀਤੇ ਇਕ ਵੀਡੀਓ ਵਿਚ ਕਿਹਾ, "ਅਸੀਂ ਇਕ ਜਾਗਰੂਕਤਾ ਮੁਹਿੰਮ ਚਲਾ ਰਹੇ ਹਾਂ। ਸਾਡੇ ਮੰਦਰਾਂ ਵਿਚ ਇਕ ਜੇਹਾਦੀ ਸਥਾਪਤ ਕੀਤਾ ਗਿਆ ਹੈ-ਚਾਂਦ ਮੀਆਂ- ਜਿਸ ਨੂੰ ਤੁਸੀਂ ਸਾਈਂ ਕਹਿੰਦੇ ਹੋ ਅਤੇ ਉਸ ਦੀ ਪੂਜਾ ਕਰਦੇ ਹੋ। ਇਸ ਮੁਹਿੰਮ ਨਾਲ ਅਸੀਂ ਬਹੁਤ ਛੇਤੀ ਆਪਣੇ ਮੰਦਰਾਂ ਵਿੱਚੋਂ ਜੇਹਾਦੀ ਸਾਈਂ ਚਾਂਦ ਮੀਆਂ ਦਾ ਸਫ਼ਾਇਆ ਕਰ ਦੇਵਾਂਗੇ। ਸਭ ਤੋਂ ਪਹਿਲਾਂ ਅਸੀਂ ਮੰਦਰਾਂ ਵਿਚ ਜਾਵਾਂਗੇ ਅਤੇ ਪੁਜਾਰੀਆਂ ਨਾਲ ਗੱਲ ਕਰਕੇ ਉਨ੍ਹਾਂ ਨੂੰ ਸਾਈਂ ਦੀਆਂ ਮੂਰਤੀਆਂ ਨੂੰ ਹਟਾਉਣ ਲਈ ਕਹਾਂਗੇ। ਜੇਕਰ ਉਹ ਅਜਿਹਾ ਨਹੀਂ ਕਰਦੇ ਤਾਂ ਅਸੀਂ ਸਾਈਂ ਦੀਆਂ ਮੂਰਤੀਆਂ ਤੋੜਨ ਲਈ ਹਥੌੜੇ ਅਤੇ ਛੈਣੀਆਂ ਲੈ ਕੇ ਮੰਦਰਾਂ ਦੇ ਅੰਦਰ ਜਾਵਾਂਗੇ। ਹੇਠ ਦਿੱਤੀ ਇਕ ਵੀਡੀਓ ਅਜਿਹੀ ਮੂਰਤੀ ਨੂੰ ਹਟਾਉਣ ਨੂੰ ਦਰਸਾਉਂਦੀ ਹੈ। ਭਾਟੀ ਨੇ ਸੱਜੇ-ਪੱਖੀ ਯੂਟਿਊਬ ਚੈਨਲਾਂ 'ਤੇ ਇਕ ਬੁਲਾਰੇ ਵਜੋਂ ਆਪਣੀ ਆਉਣੀ-ਜਾਣੀ ਵਧਾ ਲਈ ਹੈ ਅਤੇ ਉਹ ਪਿਆਰਾ ਹਿੰਦੁਸਤਾਨ, ਓ ਨਿਊਜ਼ ਹਿੰਦੀ ਅਤੇ ਐੱਚ ਸੀ ਐੱਨ ਦੀਆਂ ਵੀਡੀਓ ਵਿਚ ਨਜ਼ਰ ਆਉਂਦਾ ਹੈ। ਅਸੀਂ ਟਿੱਪਣੀ ਲਈ ਸੰਜੀਵ ਭਾਟੀ ਤੱਕ ਨਹੀਂ ਪਹੁੰਚ ਸਕੇ।

ਅਜਿਹੇ ਹੋਰ ਕਾਰਕੁੰਨ ਹਨ, ਜਿਨ੍ਹਾਂ ਨੂੰ ਯੂਟਿਊਬਰ ਆਰਥਿਕਤਾ ਨੇ ਹੱਲਾਸ਼ੇਰੀ ਦਿੱਤੀ ਅਤੇ ਮਸ਼ਹੂਰ ਬਣਾਇਆ ਹੈ। ਇਨ੍ਹਾਂ ਵਿਚ ਰਾਮ ਤਿਆਗੀ ਵਰਗੇ ਸ਼ਖ਼ਸ ਸ਼ਾਮਲ ਹਨ, ਜਿਨ੍ਹਾਂ ਨੇ ਇਕ ਵੀਡੀਓ ਪ੍ਰਸਾਰਿਤ ਕੀਤਾ, ਜਿਸ ਵਿਚ ਇਕ ਭੀੜ, ਜਿਸ ਨੇ ਬਾਅਦ ਵਿਚ ਇਕ ਚਰਚ ਵਿਚ ਭੰਨਤੋੜ ਕੀਤੀ, "ਦੇਸ਼ ਕੇ ਗ਼ੱਦਾਰਾਂ ਕੋ ਗੋਲੀ ਮਾਰੋ ਸਾਲੋਂ ਕੋ" ਦੇ ਨਾਅਰੇ ਲਗਾ ਰਹੀ ਸੀ। ਪਿੰਕੀ ਚੌਧਰੀ, ਜਿਸ ਨੇ 5 ਜਨਵਰੀ 2020 ਨੂੰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਉੱਪਰ ਹਮਲੇ ਦੀ ਜ਼ਿੰਮੇਵਾਰੀ ਲਈ ਸੀ; ਅਤੇ ਰਾਗਿਨੀ ਤਿਵਾੜੀ, ਜਿਸ ਨੇ ਫੇਸਬੁੱਕ ਲਾਈਵ ਇਵੈਂਟ ਚਲਾਏ ਜਿੱਥੇ ਉਸ ਨੇ ਉੱਤਰ-ਪੂਰਬੀ ਦਿੱਲੀ ਵਿਚ ਹਿੰਸਾ ਦੌਰਾਨ ਭੀੜ ਨੂੰ ਹਮਲੇ ਲਈ ਉਕਸਾਇਆ, ਜਿਸ ਦੇ ਕਾਰਨ 53 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿਚ ਜ਼ਿਆਦਾਤਰ ਮੁਸਲਮਾਨ ਸਨ। ਤਿਆਗੀ ਨੇ ਸਾਡੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ।

ਜਦੋਂ ਕਿ ਮੁੱਖ ਧਾਰਾ ਮੀਡੀਆ ਭਾਜਪਾ ਨੂੰ ਆਪਣਾ ਅਧਿਕਾਰਕ ਸੰਦੇਸ਼ ਸ਼ੇਅਰ ਕਰਨ ਦੀ ਇਜਾਜ਼ਤ ਦਿੰਦਾ ਹੈ, ਪਾਰਟੀ ਦਾ ਕਾਡਰ ਅਤੇ ਮੁੱਖ ਹਮਾਇਤੀ ਆਧਾਰ ਇਸ ਡਿਜੀਟਲ ਈਕੋਸਿਸਟਮ ਦੇ ਖ਼ਾਸ ਤੌਰ 'ਤੇ ਦਰਸ਼ਕ ਹਨ। ਇਹ ਖ਼ਾਸ ਤੌਰ 'ਤੇ ਹਿੰਦੂਤਵੀ ਸਮੱਗਰੀ ਨੂੰ ਵੱਡੀ ਮਾਤਰਾ 'ਚ ਬਣਾ ਸਕਦਾ ਹੈ, ਜਿਸ ਨੂੰ ਘੋਰ ਨਫ਼ਰਤ 'ਚ ਗੜੁੱਚ ਮੁੱਖ ਧਾਰਾ ਪਲੇਟਫਾਰਮ ਵੀ ਸਹੀ ਢੰਗ ਨਾਲ ਮੈਨੇਜ ਨਹੀਂ ਕਰ ਸਕਦੇ। ਇਸ ਅਕਤੂਬਰ ਮਹੀਨੇ 'ਚ ਹੀ ਖ਼ਬਰ ਇੰਡੀਆ ਨੇ ਅੱਸੀ ਤੋਂ ਵੱਧ ਵੀਡੀਓ ਜਾਰੀ ਕੀਤੇ, ਜਦਕਿ ਪਿਆਰਾ ਹਿੰਦੁਸਤਾਨ ਨੇ 118 ਵੀਡੀਓ ਜਾਰੀ ਕੀਤੇ। ਇਨ੍ਹਾਂ ਵਿੱਚੋਂ ਹਰੇਕ ਵੀਡੀਓ, ਜੋ ਆਮ ਤੌਰ 'ਤੇ ਲੱਗਭੱਗ ਦਸ ਮਿੰਟ ਤੱਕ ਚੱਲਦਾ ਹੈ, ਨੂੰ ਵੱਟਸਐਪ ਅਤੇ ਫੇਸਬੁੱਕ ਸਮੇਤ ਸਾਰੇ ਪਲੇਟਫਾਰਮਾਂ ਉੱਪਰ ਪ੍ਰਸਾਰਿਤ ਕਰਨ ਲਈ ਛੋਟੇ ਟੁਕੜਿਆਂ 'ਚ ਵੀ ਕੱਟਿਆ ਜਾ ਸਕਦਾ ਹੈ। ਭਾਜਪਾ ਨੇ ਬੜੀ ਮਿਹਨਤ ਨਾਲ ਆਪਣੇ ਚੋਣ ਮੁਹਿੰਮਾਂ ਲਈ ਗਰੁੱਪ ਬਣਾਏ ਹਨ। ਜਦੋਂ ਅਜਿਹੇ ਵੀਡੀਓ ਵਾਇਰਲ ਹੁੰਦੇ ਹਨ ਤਾਂ ਪਾਰਟੀ ਲੀਡਰਸ਼ਿਪ ਜਾਂ ਤਾਂ ਕਾਰਵਾਈ ਕਰਨ ਜਾਂ ਆਪਣੇ ਆਧਾਰ ਤੋਂ ਅਲੱਗ ਹੋਣ ਲਈ ਤਿਆਰ ਹੋ ਜਾਂਦੀ ਹੈ।

ਅਵਸਥੀ ਦਾ ਮੰਨਣਾ ਹੈ ਕਿ ਘੋਰ ਸੱਜੇ ਪੱਖੀ ਯੂਟਿਊਬ ਦੀ ਦੁਨੀਆ 'ਚ ਉਸ ਦੀ ਯਾਤਰਾ ਮੁਕਾਬਲਤਨ ਖ਼ਾਸ ਰਹੀ ਹੈ। ਪੱਤਰਕਾਰੀ ਵਿਚ ਉਸ ਦੀ ਪਹਿਲੀ ਸ਼ੁਰੂਆਤ ਸਿਰਫ ਤਿੰਨ ਸਾਲ ਪਹਿਲਾਂ ਹੋਈ ਸੀ, ਜਦੋਂ ਉਸ ਨੇ ਆਪਣੇ ਅੰਡਰ ਗ੍ਰੈਜੂਏਟ ਕੋਰਸ ਦਾ ਪਹਿਲਾ ਸਮੈਸਟਰ ਪੂਰਾ ਕੀਤਾ ਸੀ। ਉਸ ਨੇ ਸਾਨੂੰ ਦੱਸਿਆ ਕਿ ਸ਼ੁਰੂ ਵਿਚ ਉਹ ਰਾਜਨੀਤੀ ਸ਼ਾਸਤਰ ਦੀ ਪੜ੍ਹਾਈ ਕਰਨਾ ਚਾਹੁੰਦਾ ਸੀ, ਪਰ ਜਿਸ ਵੱਕਾਰੀ ਕਾਲਜ ਵਿਚ ਉਹ ਦਾਖ਼ਲਾ ਲੈਣਾ ਚਾਹੁੰਦਾ ਸੀ, ਉਸ ਲਈ ਜ਼ਰੂਰੀ ਨੰਬਰ ਉਸ ਕੋਲ ਨਹੀਂ ਸਨ। ਘਰ ਦੀ ਅਸਥਿਰ ਆਰਥਿਕ ਸਥਿਤੀ ਕਾਰਨ ਇਕ ਐੱਨ.ਜੀ.ਓ. ਅਤੇ ਆਪਣੇ ਸਕੂਲ ਦੇ ਅਧਿਆਪਕਾਂ ਤੋਂ ਪੈਸੇ ਇਕੱਠੇ ਕਰਨ ਲਈ ਸੰਘਰਸ਼ ਕਰਨ ਤੋਂ ਬਾਅਦ ਉਸ ਨੇ ਦਿੱਲੀ ਯੂਨੀਵਰਸਿਟੀ 'ਚ ਪੱਤਰਕਾਰੀ ਦੇ ਕੋਰਸ ਵਿਚ ਦਾਖ਼ਲਾ ਲੈ ਲਿਆ।

ਉਸ ਨੇ ਕਿਹਾ ਕਿ ਛੇ ਮਹੀਨਿਆਂ ਦੇ ਕੋਰਸ ਤੋਂ ਬਾਅਦ ਉਸ ਨੂੰ ਮਹਿਸੂਸ ਹੋਇਆ ਕਿ ਉਸ ਨੂੰ ਫੀਲਡ ਦੇ ਤਜਰਬੇ ਦੀ ਲੋੜ ਹੈ। ਉਸ ਦਾ ਪਹਿਲਾ ਉੱਦਮ ਐਕਸਪ੍ਰੈੱਸ ਇੰਡੀਆ ਨਿਊਜ਼ ਨਾਂਅ ਦੀ ਇਕ ਵੈਬਸਾਈਟ ਸੀ, ਜੋ ਕਿਉਂਕਿ ਅਵਸਥੀ ਦੇ ਵੈੱਬ ਡਿਜ਼ਾਈਨ ਅਤੇ ਹੋਸਟਿੰਗ ਦੇ ਨਾਲ ਇਕ ਮਹੀਨਾ ਸੰਘਰਸ਼ ਕਰਨ ਤੋਂ ਇਕ ਮਹੀਨੇ ਬਾਅਦ ਬੰਦ ਹੋ ਗਈ, "ਪਰ ਮੁੱਖ ਮੁੱਦਾ ਇਹ ਸੀ ਕਿ

26-Feb-Sunday.qxd 2/25/2023 10:00 PM Page 5

ਇਤਹਾਸ ਆਪਣੇ ਆਪ ਨੂੰ ਦੁਹਰਾਉਂਦਾ ਜਾਪਦੈ, ਆਓ ਪੰਜਾਬ ਦੀ ਸੁੱਖ ਮੰਗੀਏ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਇਤਹਾਸ ਆਪਣੇ ਆਪ ਨੂੰ ਕਈ ਵਾਰ ਦੁਹਰਾਉਂਦਾ ਹੈ, ਪਰ ਹਰ ਵਾਰੀ ਨਵੇਂ ਰੰਗ ਵਿੱਚ ਪੇਸ਼ ਹੁੰਦਾ ਹੈ। ਪੰਜਾਬ ਦੇ ਨਸੀਬ ਵਿੱਚ ਇਤਹਾਸ ਦੁਹਰਾਉਣ ਦੇ ਦੌਰ ਕੁਝ ਜ਼ਿਆਦਾ ਹੀ ਆਏ ਲਗਦੇ ਹਨ। ਭਾਰਤ ਦੀ ਅਜ਼ਾਦੀ ਅਤੇ ਇਸ ਦੇ ਨਾਲ ਦੇਸ਼ ਦੀ ਵੰਡ ਕਾਰਨ ਸਾਡੇ ਪੰਜਾਬ ਦੀ ਬੇਹੂਦਾ ਵੰਡ ਹੋਈ ਅਤੇ ਇਸ ਦੇ ਵਿਚਾਲੇ ਉਹ ਸਰਹੱਦੀ ਰੇਖਾ ਵਗਦੀ ਵੇਖੀ ਗਈ, ਜਿਹੜੀ ਅਸਲ ਵਿੱਚ ਪੰਜਾਬ ਦੇ ਭਵਿੱਖ ਲਈ ਸੇਹ ਦਾ ਤੱਕਲਾ ਬਣ ਗਈ। ਉਦੋਂ ਇਹ ਤਾਂ ਪਤਾ ਨਹੀਂ ਸੀ ਕਿ ਜਾਣ ਵੇਲੇ ਅੰਗਰੇਜ਼ਾਂ ਵੱਲੋਂ ਕੀਤੀ ਸ਼ਰਾਰਤ ਕਾਰਨ ਇੱਕ ਤੋਂ ਦੋ ਬਣਾ ਦਿੱਤੇ ਗਏ ਦੇਸ਼ਾਂ ਦਾ ਫਿਰ ਆਪਸ ਵਿੱਚ ਜੰਗਾਂ ਦੇ ਸਿੱਧੇ ਅਤੇ ਅਸਿੱਧੇ ਦੌਰ ਚੱਲਣ ਦਾ ਚੱਕਰ ਚੱਲ ਪੈਣਾ ਹੈ, ਪਰ ਵੰਡ ਵੇਲੇ ਹੋਈ ਮਾਰ-ਧਾੜ ਨੇ ਖੜੇ ਪੈਰ ਹੀ ਪੰਜ ਲੱਖ ਤੋਂ ਵੱਧ ਪੰਜਾਬੀਆਂ ਦੀ ਜਾਨ ਲੈ ਕੇ ਮਾੜੇ ਭਵਿੱਖ ਦੇ ਸੰਕੇਤ ਓਸੇ ਵੇਲੇ ਦੇ ਦਿੱਤੇ ਸਨ। ਉਸ ਪਿੱਛੋਂ ਦੋ ਦੇਸ਼ਾਂ ਦੇ ਚਾਰ ਫੌਜੀ ਭੇੜ ਹੋਏ ਤਾਂ ਦੋ ਜੰਗਾਂ ਹੋਰਨਾਂ ਥਾਵਾਂ ਦੇ ਨਾਲ ਇਸ ਧਰਤੀ ਉੱਤੇ ਵੀ ਲੜੀਆਂ ਗਈਆਂ ਤੇ ਅਸਿੱਧੀ ਜੰਗ ਦੇ ਸਿੱਟੇ ਪੌਣੀ ਸਦੀ ਲੰਘ ਜਾਣ ਦੇ ਬਾਵਜੂਦ ਸਾਡਾ ਪੰਜਾਬ ਤੇ ਗਵਾਂਢ ਦਾ ਜੰਮੂ-ਕਸ਼ਮੀਰ ਦੋਵੇਂ ਰਾਜ ਅੱਜ ਤੱਕ ਭੁਗਤਦੇ ਪਏ ਹਨ। ਜਿਹੜਾ ਪੰਜਾਬ ਪਾਕਿਸਤਾਨ ਦੇ ਹਿੱਸੇ ਆਇਆ, ਉਹ ਸਾਰੇ ਦੇਸ਼ ਵਿੱਚ ਵੱਡਾ ਹੋਣ ਕਾਰਨ ਓਥੋਂ ਵਾਲੀ ਪਾਰਲੀਮੈਂਟਰੀ ਰਾਜਨੀਤੀ ਉੱਤੇ ਵੀ ਭਾਰੂ ਹੈ, ਫੌਜੀ ਤੇ ਸਿਵਲ ਅਹੁਦੇਦਾਰੀਆਂ ਵਿੱਚ ਵੀ, ਪਰ ਭਾਰਤੀ ਪੰਜਾਬ ਦਾ ਨਸੀਬ ਇਸ ਤੋਂ ਉਲਟ ਬੇਗਾਨੀ ਰਾਜਨੀਤੀ ਤੇ ਦਿੱਲੀ ਤੋਂ ਹੁੰਦੀਆਂ ਸ਼ਰਾਰਤਾਂ ਵਿੱਚ ਉਲਝ ਗਿਆ। ਇਸ ਪੌਣੀ ਸਦੀ ਸਮੇਂ ਵਿੱਚ ਕਦੀ ਵੀ ਅਸੀਂ ਚੈਨ ਨਾਲ ਚਾਰ ਦਿਨ ਨਹੀਂ ਕੱਟ ਸਕੇ ਤੇ ਜਦੋਂ ਕਦੀ ਚੈਨ ਦੇ ਚਾਰ ਦਿਨ ਨਸੀਬ ਹੋਣ ਲੱਗੇ ਤਾਂ ਜਿਨ੍ਹਾਂ ਨੇ ਪਹਿਲਾਂ ਪੁਆੜੇ ਪਾਏ ਸਨ, ਉਹ ਕਦੀ ਆਪਸ ਵਿੱਚ ਇਕੱਠੇ ਹੋ ਜਾਂਦੇ ਅਤੇ ਕਦੀ ਆਪੋ ਵਿੱਚ ਲੜ ਕੇ ਪੰਜਾਬੀਆਂ ਵਾਸਤੇ ਨਵੇਂ ਪੁਆੜੇ ਪਾਉਣ ਲਈ ਸਬੱਬ ਬਣਨ ਲੱਗ ਪਏ। ਪੰਜਾਬ ਦੇ ਲੋਕ ਨਾ ਕਦੀ ਰਾਜਨੀਤੀ ਦੀ ਇਹ ਗੰਦੀ ਖੇਡ ਸਮਝਣ ਜੋਗੇ ਹੋ ਸਕੇ ਅਤੇ ਨਾ ਉਨ੍ਹਾਂ ਨੂੰ ਕਦੀ ਇਹ ਪਤਾ ਲੱਗ ਸਕਿਆ ਕਿ 'ਮਾਂ ਨਾਲੋਂ ਹੇਜਲੀ ਫਫੇਕੁੱਟਣੀ' ਹੁੰਦੀ ਹੈ।

ਇੱਕ ਵਕਤ ਪੰਜਾਬ ਵਿੱਚ ਪੰਜਾਬੀ ਬੋਲੀ ਦਾ ਸੂਬਾ ਬਣਾਉਣ ਲਈ ਮੋਰਚਾ ਲੱਗਾ ਸੀ ਅਤੇ ਇਸ ਦਾ ਕਾਰਨ ਇਹ ਸੀ ਕਿ ਜਦੋਂ ਸਾਰੇ ਭਾਰਤ ਵਿੱਚ ਸਥਾਨਕ ਬੋਲੀਆਂ ਮੁਤਾਬਕ ਸੂਬੇ ਬਣਾਏ ਜਾ ਰਹੇ ਸਨ, ਪੰਜਾਬੀਆਂ ਲਈ ਪੰਜਾਬੀ ਦੇ ਪਸਾਰ ਵਾਲਾ ਆਪਣਾ ਸੂਬਾ ਦੇਣ ਦੀ ਗੱਲ ਨਹੀਂ ਸੀ ਮੰਨੀ ਗਈ। ਇੱਕ ਪਾਸੇ ਕਾਂਗਰਸ ਪਾਰਟੀ ਇਸ ਮੰਗ ਨੂੰ ਰੌਲੇ ਵਿੱਚ ਰੋਲ ਦੇਣਾ ਚਾਹੁੰਦੀ ਸੀ ਤੇ ਦੂਸਰੇ ਪਾਸੇ ਅੱਜ ਦੀ ਭਾਜਪਾ ਦਾ ਪੁਰਾਣਾ ਰੂਪ ਭਾਰਤੀ ਜਨਸੰਘ ਦੇ ਲੀਡਰ ਇਸ ਦਾ ਰਾਹ ਰੋਕਣ ਲਈ ਮੈਦਾਨ ਵਿੱਚ ਉੱਤਰ ਆਏ ਅਤੇ ਪੰਜਾਬੀ ਨੂੰ ਪੰਜਾਬ ਦੀ ਭਾਸ਼ਾ ਮੰਨਣ ਦੀ ਥਾਂ ਏਥੇ ਵੀ ਹਿੰਦੀ ਦੀ ਸਰਦਾਰੀ ਥੋਪ ਦੇਣਾ ਚਾਹੁੰਦੇ ਸਨ। ਨਤੀਜੇ ਵਜੋਂ ਦੋ ਮੋਰਚੇ ਲੱਗੇ ਸਨ, ਇੱਕ ਪਾਸੇ ਅਕਾਲੀ ਆਗੂਆਂ ਨੇ ਪੰਜਾਬੀ ਬੋਲੀ ਦੇ ਸੂਬੇ ਦੀ ਮੰਗ ਲਈ ਲਾਇਆ ਮੋਰਚਾ ਇੱਕ ਧਰਮ ਦਾ ਮੁੱਦਾ ਬਣਾ ਦਿੱਤਾ ਅਤੇ ਇਨ੍ਹਾਂ ਦੇ ਵੱਡੇ ਆਗੂ ਇਸ ਮੰਗ ਲਈ ਮਰਨ ਵਰਤ ਰੱਖਣ-ਛੱਡਣ ਦਾ ਪਾਖੰਡ ਕਰਨ ਲੱਗੇ ਪਏ ਤੇ ਦੂਸਰੇ ਪਾਸੇ ਮੁਕਾਬਲੇਬਾਜ਼ੀ ਵਿੱਚ ਭਾਰਤੀ ਜਨਸੰਘ ਦੇ ਆਗੂ ਵੀ ਮਰਨ ਵਰਤ ਰੱਖਣ ਵਾਸਤੇ ਅੰਮ੍ਰਿਤਸਰ ਵਿੱਚ ਤੰਬੂ ਗੱਡ ਬੈਠੇ ਸਨ। ਉਦੋਂ ਸਿੱਖ ਧਰਮ ਅਸਥਾਨਾਂ ਵਿੱਚ ਸਿਗਰਟਾਂ-ਬੀੜੀਆਂ ਦੇ ਸੁੱਟੇ ਜਾਣ ਦਾ ਰੌਲਾ ਮੁੜ-ਮੁੜ ਪੈਂਦਾ ਅਤੇ ਹਿੰਦੂ ਧਰਮ ਅਸਥਾਨਾਂ ਵਿੱਚ ਮਾਸ ਸੁੱਟੇ ਜਾਣ ਦੀਆਂ ਖਬਰਾਂ ਵੀ ਆਮ ਲੋਕਾਂ ਨੂੰ ਅਵਾਜ਼ਾਰ ਕਰਦੀਆਂ ਸਨ। ਜਦੋਂ ਪੰਜਾਬੀ ਬੋਲੀ ਦਾ ਸੂਬਾ ਬਣਾਉਣ ਦੀ ਮੰਗ ਮੰਨਣੀ ਪਈ ਤਾਂ ਪਹਿਲੀਆਂ ਚੋਣਾਂ ਪਿੱਛੋਂ ਆਪੋ ਵਿੱਚ ਇੱਕ-ਦੂਸਰੇ ਵਿਰੁੱਧ ਮੋਰਚੇ ਲਾਉਣ ਵਾਲੀਆਂ ਦੋ ਕੱਟੜ ਵਿਰੋਧੀ ਧਿਰਾਂ ਅਕਾਲੀ ਦਲ ਤੇ ਜਨ ਸੰਘ ਦੇ ਆਗੂ ਸਾਂਝੀ ਸਰਕਾਰ ਬਣਾ ਕੇ ਇਹ ਕਹਿੰਦੇ ਸੁਣੇ ਜਾਣ ਲੱਗੇ ਸਨ ਕਿ ਪੰਜਾਬੀਆਂ ਦਾ ਮਸਾਂ ਏਕਾ ਹੋਇਆ ਹੈ, ਕਿਤੇ ਗਾਂਧੀ ਦੀ ਬੱਕਰੀ ਇਸ ਦੀਆਂ ਕਰੂੰਬਲਾਂ ਨਾ ਚੱਬ ਜਾਵੇ। ਜਦੋਂ ਫਿਰ ਆਪੋ ਵਿੱਚ ਨਾ ਨਿਭੀ ਤਾਂ ਦੋਸ਼ ਆਪਣੇ ਸਿਰ ਨਹੀਂ ਸੀ ਲਿਆ, ਮੁੜ ਕੇ ਜੁੜਨ ਦਾ ਲੁਕਵਾਂ ਰਾਹ ਰੱਖ ਲਿਆ ਅਤੇ ਐਮਰਜੈਂਸੀ ਦੇ ਬਾਅਦ ਬਣੀ ਸਰਕਾਰ ਵਿੱਚ ਫਿਰ ਵਜ਼ੀਰੀ ਮਾਣਨ ਦੇ ਲਈ ਇਕੱਠੇ ਹੋ ਗਏ ਸਨ। ਤਿੰਨ ਸਾਲ ਬਾਅਦ ਜਦੋਂ ਉਸ ਸਰਕਾਰ ਦਾ ਭੋਗ ਪੈ ਗਿਆ ਅਤੇ ਅਗਲੀ ਚੋਣ ਵਿੱਚ ਦੋਵੇਂ ਧਿਰਾਂ ਹਾਰ ਗਈਆਂ ਤਾਂ ਪੰਜਾਬ ਫਿਰ ਮੋਰਚੇਬੰਦੀ ਦੇ ਰਾਹ ਪੈ ਗਿਆ ਅਤੇ ਅਕਾਲੀ ਤੇ ਜਨਸੰਘੀ ਇੱਕ ਦੂਜੇ ਨਾਲ ਅੱਖ ਵਿੱਚ ਅੱਖ ਪਾ ਕੇ ਵੀ ਗੱਲ ਕਰਨ ਤੋਂ ਕਤਰਾਉਂਦੇ ਜਾਪਦੇ ਸਨ। ਇਸ ਦੌਰ ਵਿੱਚ ਇੱਕ ਵਾਰ ਫਿਰ ਪੰਜਾਬ ਵਿੱਚ ਧਰਮ ਸਥਾਨਾਂ ਵਿੱਚ ਵਰਜਿਤ ਚੀਜ਼ਾਂ ਸਿਗਰਟ-ਬੀੜੀਆਂ ਅਤੇ ਗਾਂਵਾਂ ਦੀਆਂ ਪਛਾਂ ਡਿਗਣ ਦਾ ਸਿਲਸਿਲਾ ਚੱਲਿਆ ਤੇ ਪੰਜਾਬ ਦੇ ਲੋਕਾਂ ਨੂੰ ਕਈ ਤਰ੍ਹਾਂ ਦੇ ਦੁਖਾਂਤ ਵੇਖਣੇ ਅਤੇ ਭੁਗਤਣੇ ਪਏ ਸਨ। ਹਾਲਾਤ ਜਦੋਂ ਕੁਝ ਸੁਧਰਦੇ ਵੇਖੇ ਤਾਂ ਉਹੀ ਦੋਵੇਂ ਧਿਰਾਂ ਫਿਰ ਰਾਜ-ਸੁੱਖ ਮਾਣਨ ਲਈ ਇਕੱਠੀਆਂ ਹੋ ਗਈਆਂ ਅਤੇ ਇਸ ਨੂੰ ਹਿੰਦੂ-ਸਿੱਖ ਏਕਤਾ ਆਖਦੇ ਸੁਣੇ ਜਾਣ ਲੱਗੇ ਸਨ।

ਅੰਗਰੇਜ਼ੀ ਦੀ ਕਹਾਣੀ ਫੌਕਸ ਐਂਡ ਕਰੋਅ (ਲੂੰਬੜੀ ਤੇ ਕਾਂ) ਦੱਸਦੀ ਹੈ ਕਿ ਸੁਭਾਅ ਨਾਲ ਮਿਲਣ ਦੇ ਬਾਵਜੂਦ ਦੋ ਜਣੇ ਸਾਂਝ ਪਾਉਂਦੇ ਹਨ ਤਾਂ ਉਹ ਸਾਂਝ ਭਲੇ ਲਈ ਨਹੀਂ ਹੁੰਦੀ, ਦਿਲੋਂ ਦੋਵੇਂ ਦਾਅ ਉੱਤੇ ਹੁੰਦੇ ਹਨ। ਪੰਜਾਬ ਦੇ ਮਾਮਲੇ ਵਿੱਚ ਵੀ ਹਿੰਦੂ-ਸਿੱਖ ਏਕਤਾ ਦੇ ਵਿਖਾਵੇ ਦੀ ਇਹ ਸਾਂਝ ਕਦੀ 'ਦਿਲੀ ਸਾਂਝ' ਨਹੀਂ ਸੀ ਬਣਦੀ, ਪੰਜਾਬ ਅਤੇ ਕੇਂਦਰ ਦੀ ਸੱਤਾ ਦਾ ਸੁੱਖ ਭੋਗਣ ਤੱਕ ਦੀ ਨੀਅਤ ਵਾਲੀ ਨੀਂਹ ਉੱਤੇ ਟਿਕੀ ਹੁੰਦੀ ਸੀ। ਜਦੋਂ ਦੋਵਾਂ ਧਿਰਾਂ ਦੇ ਹਿੱਤਾਂ ਦਾ ਟਕਰਾਅ ਹੁੰਦਾ ਸੀ ਤਾਂ ਬਹੁਤਾ ਕਰਕੇ ਡੰਗ-ਟਪਾਈ ਕਰਦੇ ਸਨ। ਜਨਤਕ ਰੌਅ ਦੇ ਦਬਾਅ ਹੇਠ ਜਦੋਂ ਦੋਵਾਂ ਧਿਰਾਂ ਨੂੰ ਵੱਖੋ-ਵੱਖ ਰਸਤੇ ਫੜਨੇ ਪਏ ਤਾਂ ਪੰਜਾਬ ਦੇ ਹਾਲਾਤ ਵਿੱਚ ਫਿਰ ਚੁਆਤੀਆਂ ਦਾ ਕੰਮ ਸ਼ੁਰੂ ਹੋ ਗਿਆ। ਇਹੋ ਜਿਹੇ ਦੌਰ ਵਿੱਚ ਪੰਜਾਬ ਇਸ ਵਕਤ ਮੁੜ ਕੇ ਦਾਖਲ ਹੁੰਦਾ ਜਾਪਦਾ ਹੈ। ਬਹੁਤ ਸਾਰੇ ਸੂਝਵਾਨ ਲੋਕਾਂ ਦੀ ਰਾਏ ਹੈ ਕਿ ਇਸ ਦੇ ਸਿੱਟੇ ਵਜੋਂ ਪੰਜਾਬ ਇੱਕ ਵਾਰ ਫਿਰ ਉਸ ਅੰਨ੍ਹੀ ਗਲੀ ਵਿੱਚ ਗੁਆਚ ਸਕਦਾ ਹੈ, ਜਿਸ ਵਿੱਚੋਂ ਇਹ ਆਪਣੇ ਪੰਝੀ ਹਜ਼ਾਰ ਤੋਂ ਵੱਧ ਲੋਕਾਂ ਦੀ ਬਲੀ ਦੇ ਕੇ ਮਸਾਂ ਨਿਕਲਿਆ ਸੀ। ਉਦੋਂ ਮਰਨ ਵਾਲਿਆਂ ਵਿੱਚ ਕੌਣ ਕਿਸ ਪਾਸੇ ਖੜ੍ਹਾ ਸੀ, ਇਹ ਸੋਚਣ ਦੀ ਥਾਂ ਸੋਚ ਦਾ ਵਿਸ਼ਾ ਅੱਜ ਇਹ ਹੋਣਾ ਚਾਹੀਦਾ ਹੈ ਕਿ ਵੱਡੀ ਗਿਣਤੀ ਉਹ ਲੋਕ ਉਦੋਂ ਜਾਨਾਂ ਗੁਆ ਬੈਠ ਗਏ ਸਨ, ਜਿਹੜੇ ਇਹ ਵੀ ਨਹੀਂ ਸਨ ਜਾਣਦੇ ਕਿ ਲੜਾਈ ਕਿਸ ਦੀ ਕਿਸ ਦੇ ਨਾਲ ਤੇ ਕਾਹਦੇ ਲਈ ਹੋ ਰਹੀ ਹੈ! ਜਿਨ੍ਹਾਂ ਲੋਕਾਂ ਦੇ ਕਾਰਨ ਇਸ ਤਰ੍ਹਾਂ ਦੇ ਵਿਗੜੇ ਹੋਏ ਹਾਲਾਤ ਬਣੇ ਸਨ ਕਿ ਏਨੇ ਲੋਕ ਮਾਰੇ ਗਏ ਸਨ, ਉਹ ਫਿਰ ਗੁੱਝੀਆਂ ਚਾਲਾਂ ਚਲਦੇ ਦਿਖਾਈ ਦੇਂਦੇ ਹਨ।

ਇਨ੍ਹਾਂ ਖੇਡਾਂ ਦੇ ਪਿੱਛੇ ਰਾਜਨੀਤੀ ਦਾ ਚੰਦਰਾਪਣ ਵੀ ਛੁਪਿਆ ਹੁੰਦਾ ਹੈ। ਪਹਿਲਾਂ ਕਿਹਾ ਜਾਂਦਾ ਸੀ ਕਿ ਰਾਜ ਮਹਿਲਾਂ ਤੇ ਕਿਲ੍ਹਿਆਂ ਉੱਤੇ ਕਬਜ਼ਾ ਕਰਨ ਲਈ ਕਈ ਵਾਰੀ ਲਾਸ਼ਾਂ ਦੀ ਪੌੜੀ ਬਣਾਉਣੀ ਪੈਂਦੀ ਹੈ। ਵੋਟਾਂ ਦੇ ਜ਼ਮਾਨੇ ਵਿੱਚ ਲਾਸ਼ਾਂ ਦੀ ਪੌੜੀ ਨਹੀਂ ਸੀ ਬਣਨੀ ਚਾਹੀਦੀ, ਪਰ ਬਦਕਿਸਮਤੀ ਨਾਲ ਅੱਜ ਵੀ ਬਣਾਈ ਜਾਂਦੀ ਹੈ। ਸਿਰਸੇ ਡੇਰੇ ਦਾ ਮੁਖੀ ਜਿਹੜੇ ਵਿਵਾਦਾਂ ਦਾ ਕੇਂਦਰ ਬਣਿਆ ਸੀ, ਉਸ ਦੇ ਪਿੱਛੇ ਵੀ ਵੋਟਾਂ ਦੀ ਇਹੋ ਰਾਜਨੀਤੀ ਕੰਮ ਕਰਦੀ ਸੀ। ਚੋਣਾਂ ਵਾਲੇ ਇੱਕ ਗੇੜ ਵਿੱਚ ਉਹ ਕਾਂਗਰਸ ਨੂੰ ਵੋਟਾਂ ਦਾ ਪਰਾਗਾ ਪਾਉਂਦਾ ਸੀ ਤੇ ਪੰਜਾਬ ਦੇ ਅਗਲੇ ਚੋਣ ਗੇੜ ਦੌਰਾਨ ਅਕਾਲੀਆਂ ਵੱਲ ਭੁਗਤ ਜਾਂਦਾ ਸੀ। ਉਸ ਨੂੰ ਆਪਣਾ ਪੱਕਾ ਪਿਛਲੱਗ ਬਣਾਉਣ ਲਈ ਇੱਕ ਧਿਰ ਇਹੋ ਜਿਹੀ ਖੇਡ ਖੇਡਣ ਦਾ ਕਦਮ ਪੁੱਟ ਬੈਠੀ, ਜਿਹੜਾ ਬਾਅਦ ਵਿੱਚ ਉਸ ਤੋਂ ਸੰਭਾਲਿਆ ਨਹੀਂ ਸੀ ਗਿਆ। ਅੰਤ ਨੂੰ ਘਟਨਾਵਾਂ ਦਾ ਸਿਲਸਿਲਾ ਇੱਕ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੁਖਾਂਤ ਅਤੇ ਉਸ ਦੇ ਬਾਅਦ ਰੋਸ ਕਰਦੀ ਸਿੱਖ ਸੰਗਤ ਉੱਤੇ ਪੁਲਸ ਦੀ ਗੋਲੀ ਚੱਲਣ ਦੀਆਂ ਦੋ ਘਟਨਾਵਾਂ ਤੱਕ ਪਹੁੰਚ ਗਿਆ। ਅੱਠ ਸਾਲ ਉਸ ਗੋਲੀ ਕਾਂਡ ਦੀ ਜਾਂਚ ਦਾ ਨਿਆਂ ਮੰਗਣ ਤੇ ਨਿਆਂ ਦੇਣ ਦੀਆਂ ਕਹਾਣੀਆਂ ਸੁਣਨ ਮਗਰੋਂ ਬੀਤੀ ਚੌਵੀ ਫਰਵਰੀ ਨੂੰ ਉਸ ਕੇਸ ਵਿੱਚ ਇੱਕ ਚਾਰਜਸ਼ੀਟ ਪੇਸ਼ ਹੋਈ ਹੈ ਤਾਂ ਇਸ ਵਿੱਚ ਉਦੋਂ ਵਾਲੇ ਮੁੱਖ ਮੰਤਰੀ ਤੇ ਉਸ ਦੇ ਡਿਪਟੀ ਮੁੱਖ ਮੰਤਰੀ ਪੁੱਤਰ ਦੇ ਨਾਲ ਉਦੋਂ ਦੇ ਪੰਜਾਬ ਪੁਲਸ ਦੇ ਮੁਖੀ ਦਾ ਨਾਂਅ ਵੀ ਦਰਜ ਹੈ। ਬਹੁਤ ਸਾਰੇ ਲੋਕ ਸਮਝਦੇ ਹਨ ਕਿ ਇਨਸਾਫ ਹੋਣ ਲੱਗਾ ਹੈ, ਪਰ ਸਾਡੀ ਸਮਝ ਹੈ ਕਿ ਅਦਾਲਤੀ ਕਾਰਵਾਈ ਦਾ ਚੱਕਰ ਨਾ ਤਾਂ ਛੋਟਾ ਹੋਣਾ ਹੈ ਤੇ ਨਾ ਸੁਖਾਲਾ, ਸਗੋਂ ਇਸ ਨਾਲ ਕਈ ਜ਼ਖਮ ਫਿਰ ਹਰੇ ਹੋ ਸਕਦੇ ਹਨ ਤੇ ਪੰਜਾਬ ਦੇ ਭਵਿੱਖ ਉੱਤੇ ਇਸ ਨਾਲ ਕਿਸ ਤਰ੍ਹਾਂ ਦਾ ਅਸਰ ਪਵੇਗਾ, ਇਸ ਬਾਰੇ ਦੱਸਣ ਵਾਲਾ ਸਿਆਣਾ ਇਸ ਵੇਲੇ ਕੋਈ ਨਹੀਂ ਲੱਭਦਾ।

ਪੰਜਾਬ! ਤੂੰ ਬੀਤੇ ਸਮਿਆਂ ਵਿੱਚ ਬਹੁਤ ਦੁਖਾਂਤ ਝੱਲੇ ਹੋਏ ਹਨ ਅਤੇ ਬਹੁਤਾ ਕਰਕੇ ਤੇਰੇ ਆਪਣਿਆਂ ਨੇ ਹੀ ਤੇਰੇ ਨਾਲ ਹਮਦਰਦੀ ਦੇ ਪਰਦੇ ਹੇਠ ਏਹੋ ਜਿਹੇ ਕੰਡੇ ਬੀਜੇ ਹਨ, ਜਿਨ੍ਹਾਂ ਨੇ ਪੰਜਾਬੀਅਤ ਲਹੂ-ਲੁਹਾਨ ਕੀਤੀ ਹੈ। ਸਾਰੇ ਕਹਿੰਦੇ ਹਨ ਕਿ ਇਤਿਹਾਸ ਦੀਆਂ ਗਲਤੀਆਂ ਤੋਂ ਸਿੱਖਣਾ ਚਾਹੀਦਾ ਹੈ। ਇਹ ਵੀ ਕਹਿਣ ਦੀਆਂ ਗੱਲਾਂ ਨੇ। ਜੇ ਇਤਿਹਾਸ ਦੇ ਸਬਕ ਸਿੱਖੇ ਜਾਂਦੇ ਤਾਂ ਏਨੇ ਦੁਖਾਂਤ ਪੰਜਾਬ ਦੀ ਝੋਲੀ ਨਹੀਂ ਸੀ ਪੈਣੇ। ਰਾਜ ਮਹਿਲਾਂ ਅਤੇ ਸ਼ਾਹੀ ਕਿਲ੍ਹਿਆਂ ਦੀਆਂ ਪੌੜੀਆਂ ਚੜ੍ਹਨ ਦੇ ਚਾਹਵਾਨਾਂ ਨੇ ਨਾ ਬੀਤੇ ਵਿੱਚ ਕਦੀ ਭਲੀ ਗੁਜ਼ਾਰੀ ਹੈ ਤੇ ਨਾ ਉਨ੍ਹਾਂ ਤੋਂ ਅੱਜ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਸੱਤਾ ਦੇ ਲਾਲਚ ਨੂੰ ਲਾਂਭੇ ਰੱਖ ਕੇ ਸੋਚਣਗੇ। ਅਸੀਂ ਸਿਰਫ ਸੁੱਖ ਮੰਗ ਸਕਦੇ ਹਾਂ। ਆਓ, ਸੁੱਖ ਮੰਗੀਏ ਪੰਜਾਬ ਦੀ।

ਬੱਬਰ ਅਕਾਲੀ ਲਹਿਰ ਨੂੰ ਚੇਤੇ ਕਰਦਿਆਂ

ਵਿਜੈ ਬੰਬੇਲੀ

ਬੱਬਰ ਲਹਿਰ ਨੇ ਭਾਰਤ ਦੇ ਆਜ਼ਾਦੀ ਸੰਗਰਾਮ ਨੂੰ ਦੋ ਘੱਟ ਪੰਜਾਹ ਯੋਧਿਆਂ ਦੀ ਰੱਤ ਨਾਲ ਸਿੰਜਿਆ ਸੀ। "ਆਪਣਿਆਂ" ਦੀ ਮਕਾਰੀ ਅਤੇ ਅੰਗਰੇਜ਼ ਸਾਮਰਾਜ, ਸਰਕਾਰੀ ਅਤੇ ਗੈਰ-ਸਰਕਾਰੀ ਜੰਗੀ-ਸਹੂਲਤਾਂ ਨਾਲ ਲੈਸ ਧਾੜਾਂ ਦੇ ਮੁਕਾਬਲੇ, ਸਿੱਧੀ-ਅਸਿੱਧੀ-ਅਣਸਾਵੀਂ, ਪਰ ਹਰ ਸੰਭਵ ਹੱਦ ਤੀਕ ਗਹਿਗੱਚ ਲੜਾਈ ਵਿੱਚ 9 ਬੱਬਰ ਯੋਧੇ ਸ਼ਹੀਦ ਹੋਏ ਸਨ। ਇਹੀ ਨਹੀਂ, ਨਿਆਂ ਦੇ ਨਾਟਕ ਤਹਿਤ 22 ਬੱਬਰ ਸੂਰਮਿਆਂ ਨੂੰ ਫਾਹੇ ਲਾ ਦਿੱਤਾ ਗਿਆ ਸੀ। ਬੇਹੱਦ ਤਸ਼ੱਦਦ ਅਤੇ ਨਰਕੀ ਹਾਲਤਾਂ ਕਾਰਨ 6 ਬੱਬਰ ਜੰਗਿ-ਕੈਦੀਆਂ ਦੀ ਜੁਡੀਸ਼ੀਅਲ ਲਾਕ-ਅੱਪ ਦੌਰਾਨ ਮੌਤ ਹੋਈ ਅਤੇ 10 ਬੱਬਰ ਕੈਦ-ਤਨਹਾਈ ਭੁਗਤਦਿਆਂ ਸ਼ਹੀਦ ਹੋ ਗਏ ਸਨ, ਜਦਕਿ ਇੱਕ (ਦੋ ਜਾਂ ਤਿੰਨ) ਬੱਬਰ ਯੋਧੇ ਦੀ ਸੰਦੇਹਮਈ ਸਥਿਤੀਆਂ ਵਿੱਚ ਬਲੀ ਲੈ ਲਈ ਗਈ ਸੀ।

ਬੱਬਰ ਅਕਾਲੀ ਲਹਿਰ, ਜੰਗਿ-ਏ-ਆਜ਼ਾਦੀ ਦੀ ਇੱਕ ਮਹੱਤਵਪੂਰਨ ਲਹਿਰ ਸੀ। ਬੱਬਰ ਸੂਰਮੇ, ਮਰ-ਮਿਟਣ ਦਾ ਜਜ਼ਬਾ ਰੱਖਦੇ ਕਿਰਤੀ ਕਿਰਸਾਨ ਸਨ ਜਾਂ ਸਾਬਕਾ ਫੌਜੀ। ਕੁੱਝ ਕੈਨੇਡਾ-ਅਮਰੀਕਾ ਤੋਂ ਪਰਤੇ ਗ਼ਦਰੀ ਸਨ। ਕਈਆਂ ਨੇ ਗ਼ਦਰ ਲਹਿਰ ਅਤੇ ਸ਼ਾਂਤਮਈ ਅਕਾਲੀ ਮੋਰਚਿਆਂ ਵਿੱਚ ਸ਼ਮੂਲੀਅਤ ਕਰਕੇ ਤਸ਼ੱਦਦ ਹੰਢਾਇਆ ਸੀ। ਕਈ ਜਲ੍ਹਿਆਂਵਾਲਾ ਬਾਗ ਸਾਕਾ ਦੀ ਚੀਸ ਸਮੋਈ ਬੈਠੇ ਸਨ। ਇਹ ਲਹਿਰ 1857 ਦੇ ਗ਼ਦਰ ਅਤੇ ਗ਼ਦਰ ਲਹਿਰ (1913) ਦੇ ਨਿਰਪੱਖ ਖਾਸੇ ਅਤੇ ਸਾਂਝੀਵਾਲਤਾ ਤੋਂ ਪ੍ਰਭਾਵਿਤ ਸੀ, ਜਿਹੜੀ ਸਿੱਖ ਗੁਰੂਆਂ ਦੇ ਜਲੌਅ, ਪੰਜਾਬ ਦੇ ਸੰਘਰਸ਼ਸ਼ੀਲ ਜਜ਼ਬੇ ਦੀ ਅੰਗੀਕਾਰ ਸੀ। ਇਹ ਲਹਿਰ ਸਾਮਰਾਜ ਵਿਰੋਧੀ ਸੀ। ਸੀਮਿਤ ਸੰਗਠਨ, ਖਿੱਤਾ ਅਤੇ ਸਾਧਨਾਂ ਦੇ ਬਾਵਜੂਦ ਆਪਾ-ਵਾਰੂ ਜਜ਼ਬੇ ਨਾਲ ਜਿਹੜੇ ਦੋ ਘੱਟ ਪੰਜਾਹ ਬੱਬਰਾਂ ਨੇ ਆਹਲਾ ਵਤਨ ਲਈ ਕੁਰਬਾਨੀ ਦਿੱਤੀ, ਉਹ ਮੁਕਤੀ-ਸੰਗਰਾਮ ਦੇ ਇਤਿਹਾਸ ਵਿੱਚ ਵਿਸ਼ੇਸ਼ ਅਰਥ ਰੱਖਦੀ ਹੈ। ਇਨ੍ਹਾਂ ਪੰਜਾਬੀ ਸੂਰਮਿਆਂ ਨੇ ਆਪਣੇ ਵਿਰਸੇ ਅਤੇ ਇਤਿਹਾਸ ਨੂੰ ਦ੍ਰਿੜ੍ਹਤਾ ਨਾਲ ਅਪਣਾਉਂਦਿਆਂ ਗੁਲਾਮੀ ਵਿਰੁੱਧ ਗੁਰੀਲਾ ਯੁੱਧ ਲੜਿਆ। ਬਗੈਰ ਜਾਤੀ-ਧਰਮ ਦੀਆਂ ਵਲਗਣਾਂ ਅਤੇ ਵਿਤਕਰੇ ਦੇ ਉਹਨਾਂ ਸਭ ਧਿਰਾਂ ਨੂੰ ਇਸ ਹਥਿਆਰਬੰਦ ਘੋਲ ਵਿੱਚ ਸ਼ਮੂਲੀਅਤ ਕਰਨ ਲਈ ਵੰਗਾਰਿਆ। ਭਾਵੇਂ ਇੱਕ ਹੱਦ ਤੀਕ ਹੀ ਸਹੀ, ਸਭ ਧਿਰਾ

26-Feb-Sunday.qxd 2/25/2023 10:00 PM Page 4

ਅਸਾਵੀਂ ਜ਼ਿੰਦਗੀ ਹੰਢਾ ਰਹੇ ਅਸਹਿਜ ਪਾਤਰਾਂ ਦਾ ਕਥਾ ਪ੍ਰਵਚਨ



ਕਿਤਾਬ ਦੀ

ਪਰਖ ਪੜਚੋਲ

ਹਰਜਿੰਦਰ ਸਿੰਘ ਅਟਵਾਲ (ਡਾ.)

ਤ੍ਰਿਕਾਲ ਸੰਧਿਆ

ਦੀਪ ਦੇਵਿੰਦਰ ਸਿੰਘ
ਪੰਨੇ : 104, ਮੁੱਲ : 275 ਰੁਪਏ
ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

ਦੀਪ ਦਵਿੰਦਰ ਸਿੰਘ ਅਜੋਕੀ ਪੰਜਾਬੀ ਕਹਾਣੀ ਵਿੱਚ ਇੱਕ ਵਿਲੱਖਣ ਨਾਂਅ ਵਜੋਂ ਉੱਭਰਿਆ ਹੈ। ਉਸ ਦੀ ਇਹ ਵਿਲੱਖਣਤਾ ਵਿਸ਼ਿਆਂ ਦੀ ਚੋਣ ਕਰਕੇ ਵੀ ਹੈ, ਵਿਲੱਖਣ ਪਾਤਰਾਂ ਦੀ ਪੇਸ਼ਕਾਰੀ ਕਰਕੇ ਵੀ, ਦ੍ਰਿਸ਼ ਚਿਤਰਣ ਕਰਕੇ ਵੀ, ਮਾਝੀ ਉਪ ਬੋਲੀ ਦੀ ਵਰਤੋਂ ਉਸ ਦੀ ਠੇਠਤਾ ਦੇ ਸੰਦਰਭ ਵਿੱਚ ਕਰਨ ਕਰਕੇ ਵੀ ਅਤੇ ਕਹਾਣੀ ਦੀ ਵਿਉਂਤਬੰਦੀ ਲੀਹ ਤੋਂ ਹਟਵੀਂ ਕਰਨ ਕਰਕੇ ਵੀ ਹੈ। ਇਹ ਵਿਲੱਖਣਤਾ ਹੀ ਉਸ ਨੂੰ ਸਮਕਾਲੀ ਪੰਜਾਬੀ ਕਹਾਣੀਕਾਰਾਂ ਵਿਚਲੀ ਭੀੜ ਵਿੱਚੋਂ ਨਿਵੇਕਲੀ ਪਛਾਣ ਦਿਵਾਉਂਦੀ ਹੈ। ਇਹ ਉਸ ਦਾ ਦੂਜਾ ਕਹਾਣੀ ਸੰਗ੍ਰਹਿ ਹੈ। ਇੱਕ-ਦੋ ਕਹਾਣੀਆਂ ਪਹਿਲੇ ਸੰਗ੍ਰਹਿ ਵਿੱਚੋਂ ਵੀ ਹਨ। ਬਾਕੀ ਸੱਜਰੀਆਂ ਕਹਾਣੀਆਂ ਵੱਖ-ਵੱਖ ਪੱਤਰਕਾਵਾਂ ਵਿੱਚ ਛਪ ਚੁੱਕੀਆਂ ਹਨ ਅਤੇ ਬੇਮਿਸਾਲ ਪਾਠਕੀ ਹੁੰਗਾਰਾ ਪ੍ਰਾਪਤ ਕਰ ਚੁੱਕੀਆਂ ਹਨ। ਇਸ ਸੰਗ੍ਰਹਿ ਵਿੱਚ ਕੁੱਲ ਛੇ ਕਹਾਣੀਆਂ ਹਨ। ਉਹ ਮੱਠੀ ਰਫਤਾਰ ਨਾਲ ਲਿਖਣ ਵਾਲਾ ਕਹਾਣੀਕਾਰ ਹੈ। ਇੱਕ ਦਹਾਕੇ ਵਿੱਚ ਅੱਠ-ਦਸ ਕਹਾਣੀਆਂ ਹੀ ਛਪਵਾਈਆਂ ਹਨ ਉਸ ਨੇ, ਲਿਖੀਆਂ ਭਾਵੇਂ ਜ਼ਿਆਦਾ ਹੀ ਹੋਣ। ਕਹਾਣੀਆਂ ਦੇ ਪਾਠ ਤੋਂ ਇੰਜ ਪ੍ਰਤੀਤ ਹੁੰਦਾ ਹੈ ਕਿ ਉਹ ਕੋਈ ਕਹਾਣੀ ਉਸਾਰਨ ਤੋਂ ਪਹਿਲਾਂ ਉਸ ਵਿਚਲੇ ਮਸਲੇ ਉੱਪਰ ਤੱਥ ਅਤੇ ਗਿਆਨ ਇਕੱਤਰ ਕਰਦਾ ਹੈ, ਫਿਰ ਇਸ ਸਾਰੇ ਕੁਝ ਨੂੰ ਆਪਣੀ ਕਹਾਣੀ ਵਿੱਚ ਥਾਂ ਸਿਰ ਬਿਠਾ ਕੇ ਪਾਠਕਾਂ ਅੱਗੇ ਪਰੋਸਦਾ ਹੈ, ਜਿਸ ਨਾਲ ਪਾਠਕ ਉਸ ਦੀ ਕਹਾਣੀ 'ਚੋਂ ਇੱਕ ਵੱਖਰਾ/ਨਿਵੇਕਲਾ ਸੰਸਾਰ ਵੇਖਦੇ-ਵੇਖਦੇ ਉਸ ਨਾਲ ਭਾਵਨਾਤਮਕ ਤੌਰ 'ਤੇ ਜੁੜਦੇ ਜਾਂਦੇ ਹਨ। ਪੇਸ਼ਕਾਰੀ ਦੀ ਇਹ ਨਿਵੇਕਲੀ ਕਲਾ ਉਸ ਦੀ ਕਹਾਣੀ ਵਿੱਚ ਅਜਿਹੇ ਤੱਥ ਭਰਦੀ ਜਾਂਦੀ ਹੈ, ਜਿਸ ਨਾਲ ਉਸ ਦੀ ਗੱਲ ਅਤੇ ਪਾਤਰ ਸਾਡੇ ਸੰਸਾਰ ਦੀ ਜੀਵ ਤਾਂ ਜਾਪਦੇ ਹੀ ਹਨ, ਪਰ ਨਾਲ ਹੀ ਅਸੀਂ ਉਹਨਾਂ ਦੇ ਦੁੱਖਾਂ/ਸੁੱਖਾਂ ਦੇ ਹਿੱਸੇਦਾਰ ਵੀ ਬਣਦੇ ਜਾਂਦੇ ਹਾਂ। ਸਾਹਿਤ ਦੀ ਕਿਸੇ ਵੀ ਵਿਧਾ ਦਾ ਇਹ ਮੀਰੀ ਗੁਣ ਹੁੰਦਾ ਹੈ ਕਿ ਉਹ ਜਿਨ੍ਹਾਂ ਲਈ ਅਤੇ ਜਿਨ੍ਹਾਂ ਬਾਰੇ ਲਿਖਿਆ ਜਾ ਰਿਹਾ ਹੋਵੇ, ਉਨ੍ਹਾਂ ਪ੍ਰਤੀ ਸੁਹਿਰਦ ਅਤੇ ਇਮਾਨਦਾਰ ਰਹੇ। ਇਹ ਦੋਵੇਂ ਗੁਣ ਸਾਨੂੰ ਦੀਪ ਦੀਆਂ ਇਹਨਾਂ ਸਾਰੀਆਂ ਕਹਾਣੀਆਂ ਵਿੱਚੋਂ ਲੱਭਦੇ ਹਨ।

ਦੀਪ ਦੀਆਂ ਕਹਾਣੀਆਂ ਦਾ ਇੱਕ ਸਾਂਝਾ ਸੂਤਰ ਇਹ ਹੈ ਕਿ ਉਹਨਾਂ ਵਿੱਚ ਬੀਬੀ/ਭਾਪੇ ਦੇ ਪਾਤਰ ਹਾਜ਼ਰ-ਨਾਜ਼ਰ ਰਹਿੰਦੇ ਹਨ। ਉਸ ਦੀਆਂ ਬਹੁਤੀਆਂ ਕਹਾਣੀਆਂ ਵਿੱਚ ਇਹ ਦੋਵੇਂ ਪਾਤਰ ਕਹਾਣੀ ਸੁਣਾ ਰਹੇ ਪਾਤਰ ਨਾਲ ਸੰਬੰਧਤ ਹੁੰਦੇ ਹਨ, ਪਰ ਇਹਨਾਂ ਪਾਤਰਾਂ ਦੀ ਵਿਲੱਖਣਤਾ ਅਜਿਹੀ ਹੁੰਦੀ ਹੈ ਕਿ ਆਮ ਤੌਰ 'ਤੇ ਸਾਡੀ ਰਵਾਇਤੀ (ਮੁੱਢਲੀ) ਕਹਾਣੀ ਵਿਚਲਾ ਆਦਰਸ਼ ਅਲੋਪ ਹੁੰਦਾ ਹੈ। ਕਿਸੇ ਕਹਾਣੀ ਵਿਚਲਾ ਭਾਪਾ ਅਤੇ ਕਿਸੇ ਕਹਾਣੀ ਵਿਚਲੀ ਬੀਬੀ ਭਾਵੇਂ ਮਾਣ ਕਰਨ ਵਾਲੀ ਜੀਵਨ-ਜਾਚ ਪੇਸ਼ ਨਹੀਂ ਕਰ ਰਹੇ ਹੁੰਦੇ ਹਨ, ਪਰ ਉਹਨਾ ਦੀ ਜੀਵਨ-ਜਾਚ ਜ਼ਿੰਦਗੀ ਦੇ ਸੱਚ ਦੇ ਬਹੁਤ ਹੀ ਨੇੜੇ-ਤੇੜੇ ਦੀ ਹੁੰਦੀ ਹੈ, ਅਜਿਹੀ ਜੀਵਨ-ਜਾਚ ਹੰਢਾਉਂਦੇ ਇਹ ਹੱਡ-ਮਾਸ ਦੇ ਪਾਤਰ ਪਾਠਕਾਂ ਦੇ ਮਨ ਵਿੱਚ ਕਿਤੇ ਹਮਦਰਦੀ, ਕਿਤੇ ਘਿਰਣਾ, ਕਿਤੇ ਉਤਸ਼ਾਹ ਦੀਆਂ ਭਾਵਨਾਵਾਂ ਦੇ ਸਿਰਜਕ ਬਣਦੇ ਹਨ। ਪਰਿਕਰਮਾ ਦੀ ਛਾਹਣੀ ਆਪਣੇ ਪਤੀ ਦੀ ਅਚਾਨਕ ਮੌਤ ਤੋਂ ਬਾਅਦ ਜਦ ਆਪਣੇ ਜੱਦੀ ਕਿੱਤੇ 'ਖਰੋੜਿਆਂ ਦੀ ਰੇਹੜੀ' ਨੂੰ ਅੱਗੇ ਤੋਰਦੀ ਹੈ ਤਾਂ 'ਮਨਚਲੇ ਗਾਹਕ' ਖਰੋੜਿਆਂ ਦੀ ਤਰੀ ਨਾਲ ਹੀ ਸਤੁੰਸ਼ਤ ਨਹੀਂ ਹੁੰਦੇ, ਸਗੋਂ ਉਹਨਾਂ ਦੀਆਂ ਨਜ਼ਰਾਂ ਕੁਝ ਹੋਰ ਭਾਲਦੀਆਂ ਹਨ, ਜਿਸ ਦਾ ਇਜ਼ਹਾਰ ਉਹ ਆਪਣੀ 'ਬਾਣੀ' ਵਿੱਚ ਕਰਦੇ ਰਹਿੰਦੇ ਹਨ। ਉਸ ਸਮੇਂ ਛਾਹਣੀ ਦਾ ਕਿਰਦਾਰ ਵੱਖਰਾ ਜਾਪਦਾ ਹੈ, ਪਰ ਜਦ ਉਹ ਆਪਣੇ 'ਦਿਉਰ' ਨਾਲ ਨੇੜਤਾ ਕਾਇਮ ਕਰਦੀ ਹੈ, ਉਸ ਦਾ ਘਰ ਟੁੱਟਣ ਕਿਨਾਰੇ ਹੋ ਜਾਂਦਾ ਹੈ ਤਾਂ ਉਸ ਦਾ ਕਿਰਦਾਰ ਕਿਤੇ ਹੋਰ ਨਜ਼ਰ ਆਉਂਦਾ ਹੈ। ਅਖੀਰ ਉਹ ਅਜਿਹੀਆਂ ਦੁਸ਼ਵਾਰੀਆਂ ਆਪਣੇ-ਆਪ ਵਿੱਚ ਸਮੇਟ ਕੇ ਅਚਾਨਕ ਰੂਪੋਸ਼ ਹੋ ਜਾਂਦੀ ਹੈ। ਪੁੱਤਰ ਆਪਣੇ ਛੁਣਛੁਣੇ ਵਜਾਉਣ ਦੇ ਕਿੱਤੇ ਵਿੱਚ ਅਜਿਹੀ ਮੁਹਾਰਤ ਹਾਸਲ ਕਰ ਲੈਂਦਾ ਹੈ ਕਿ ਉਸ ਨੂੰ ਕੁਝ ਹੋਰ ਸਮਝਣ/ਸਮਝਾਉਣ ਦੀ ਸੁਰਤ ਹੀ ਨਹੀਂ ਰਹਿੰਦੀ। ਛਾਹਣੀ ਅਤੇ ਉਸ ਦਾ ਪੁੱਤਰ ਜਿਹੜੀ ਯਤਾਮਤ ਹੰਢਾਉਂਦੇ ਹਨ, ਉਸ ਦੇ ਪ੍ਰਸੰਗ ਵਿੱਚ ਜਿਨ੍ਹਾਂ ਸਮਾਜਿਕ ਸਰੋਕਾਰਾਂ ਦੀ ਗੱਲ ਦੀਪ ਨੇ ਕੀਤੀ ਹੈ, ਉਸ ਦੀ ਵਿਲੱਖਣਤਾ ਇਹ ਹੈ ਕਿ ਉਹ ਸਾਡੇ ਵਰਤਾਰੇ ਦੇ ਕੁਹਜ ਨੂੰ ਕੇਵਲ ਪੇਸ਼ ਹੀ ਨਹੀਂ ਕਰ ਰਿਹਾ ਹੁੰਦਾ, ਸਗੋਂ ਹੰਢਾ ਰਿਹਾ ਲੱਗਦਾ ਹੈ, ਪਾਠਕ ਦਾ ਅਜਿਹਾ ਮਹਿਸੂਸ ਕਰਨਾ ਹੀ ਕਹਾਣੀ ਦੇ ਮੁੱਲ ਵਿੱਚ ਵਾਧਾ ਕਰਦਾ ਹੈ। ਇਸੇ ਤਰ੍ਹਾਂ ਦੀ ਜ਼ਿੰਦਗੀ ਹੰਢਾ ਰਹੀ ਹੁੰਦੀ ਹੈ 'ਰੁਤ ਫਿਰੀ ਵਣ ਕੰਬਿਆ' ਵਿਚਲੀ ਬੁਟਰਾਂ ਵਾਲੀ ਤਾਰੋ ਜਾਂ ਫੱਜੇ ਅਰਾਈਂ ਦੀ ਪੰਜਵੇਂ ਥਾਂ ਵਾਲੀ ਕੁੜੀ 'ਮੁਖਤਾਰਾਂ'। ਤਾਰੋ ਦੇ ਚੰਗੇ-ਭਲੇ ਜੀਵਨ ਵਿੱਚ ਤਰਥੱਲੀ ਉਦੋਂ ਮਚਦੀ ਹੈ, ਜਦੋਂ ਮੁਲਕ ਆਜ਼ਾਦ ਹੋ ਰਿਹਾ ਹੁੰਦਾ ਹੈ, ਇੱਕ ਦੇਸ਼ ਦੇ ਦੋ ਦੇਸ਼ ਬਣਦੇ ਹਨ, ਧਰਮ ਦੇ ਆਧਾਰ 'ਤੇ ਵਸੋਂ ਦਾ ਤਬਾਦਲਾ ਹੋ ਰਿਹਾ ਹੁੰਦਾ ਹੈ। ਇਹ ਉਹ ਸਮਾਂ ਸੀ ਜਦੋਂ ਚੰਗਾ-ਭਲਾ ਇਨਸਾਨ ਪਸ਼ੂ ਹੋ ਗਿਆ ਸੀ। ਅਸਲ ਵਿੱਚ ਅੰਗਰੇਜ਼ੀ ਰਾਜ ਦੀ ਸਥਾਪਤੀ ਉਪਰੰਤ ਉਹਨਾ ਦੇ ਈਸਾਈ ਧਰਮ ਦੇ ਹੱਲਿਆਂ ਤੋਂ ਬਚਣ ਖਾਤਰ ਜਿਹੜੀਆਂ ਧਰਮ ਅਧਾਰਤ ਲਹਿਰਾਂ/ਤਨਜ਼ੀਮਾਂ ਹਰ ਧਰਮ ਦੇ ਲੋਕਾਂ ਨੇ ਉਸਾਰੀਆਂ ਸਨ, ਨਫਰਤ ਦੇ ਇਹ ਬੀਜ ਤੋਂ ਉਦੋਂ ਹੀ ਬੀਜੇ ਗਏ ਸਨ, ਜਦੋਂ ਕਿਸੇ ਵੀ ਤਨਜ਼ੀਮ ਵਾਲਾ ਬੰਦਾ ਇਨਸਾਨ ਨਾ ਰਹਿ ਕੇ ਕੱਟੜ ਸਿੱਖ, ਹਿੰਦੂ ਜਾਂ ਮੁਸਲਮਾਨ ਹੋ ਜਾਂਦਾ ਹੈ। ਇਹਨਾਂ ਲਹਿਰਾਂ ਦੀ ਸਥਾਪਤੀ ਸਮੇਂ ਜਿਹੜੀ ਫਸਲ ਬੀਜੀ ਸੀ, ਉਹ ਪੱਕ ਕੇ ਤਿਆਰ ਹੁੰਦੀ ਹੈ, ਫਿਰ ਇਹ ਵਢਾਂਗਾ ਹੁੰਦਾ ਹੈ। ਉਸ ਦੌਰ ਦੀ ਹੈਵਾਨਗੀ ਦਾ ਸ਼ਿਕਾਰ ਤਾਰੋ ਹੁੰਦੀ ਹੈ, ਜਿਸ ਨੂੰ ਇਹ ਵੀ ਨਹੀਂ ਪਤਾ ਕਿ ਉਸ ਦੇ ਪੁੱਤਰ ਦਾ ਬਾਪ ਕੌਣ ਹੈ? ਇਸੇ ਤਰ੍ਹਾਂ ਦਾ ਇੱਕ ਪਾਤਰ ਵੇਲਾ ਕੁ ਵੇਲਾ ਵਿੱਚ ਵੀ ਹੈ, ਜੋ ਉਸ ਕਾਲੇ ਦੌਰ ਵਿੱਚ ਗੈਰ ਧਰਮਾਂ ਦੇ ਲੋਕਾਂ ਦੇ ਗਾਟੇ ਲਾਹੁਣ ਅਤੇ ਉਹਨਾਂ ਦੀਆਂ ਧੀਆਂ/ਭੈਣਾਂ ਦੇ ਹੁਸਨ ਨੂੰ ਮਾਨਣ ਦੇ ਆਹਰ ਵਿੱਚ ਲੱਗੇ ਹੋਏ ਸਨ। ਇਸ ਪਾਤਰ ਦੀ ਅੰਨ੍ਹੇ ਹੋ ਕੇ ਮਾਨਸਿਕਤਾ ਅਜਿਹੀ ਡੋਲਦੀ ਹੈ ਕਿ ਕਦੇ ਉਸ ਨੂੰ ਆਪਣੇ ਆਲੇ-ਦੁਆਲੇ ਤਿੱਖੇ ਨੇਜ਼ਿਆਂ ਵਰਗੇ ਸਿੰਗਾਂ ਵਾਲਾ ਬਲਦ ਨਜ਼ਰ ਆਉਂਦਾ ਹੈ, ਕਦੇ ਕਾਲੇ ਰੰਗ ਦੀਆਂ ਮੂੰਹ ਅੱਡੀ ਕਲਜੋਗਣਾਂ ਖੜੀਆਂ ਨਜ਼ਰ ਆਉਂਦੀਆਂ ਹਨ। ਅਸਲ ਵਿੱਚ ਉਸ ਪਾਤਰ ਦੀ ਮਾਨਸਿਕਤਾ ਨੂੰ ਫੱਜੇ ਤੇਲੀ ਦੀ ਵੱਢੀ ਬਾਂਹ, ਮਿਹਰਦੀਨ, ਫਜ਼ਲਦੀਨ, ਜ਼ੱਕਤੇ ਆਦਿ ਪਾਤਰਾਂ ਦੀ ਉਸ ਵੱਲੋਂ ਕੀਤੇ ਵੱਢ-ਟੁੱਕ ਅਤੇ ਬੇਹੁਰਮਤੀ ਦੀ ਘੇਰਾ ਵਲੀ ਬੈਠੀ ਹੈ, ਜੋ ਉਸ ਦੀ ਸੋਚ 'ਤੇ ਇਸ ਹੱਦ ਤੱਕ ਹਾਵੀ ਹਨ ਕਿ ਉਹ ਇਸ ਦਾ ਖਹਿੜਾ ਨਹੀਂ ਛੱਡ ਰਹੇ। ਦੇਸ਼ ਵੰਡ ਦੀ ਇਹ ਪੀੜਾ ਅੱਜ ਪੌਣੀ ਸਦੀ ਬੀਤ ਜਾਣ ਤੋਂ ਬਾਅਦ ਵੀ ਸਾਡਾ ਖਹਿੜਾ ਨਹੀਂ ਛੱਡ ਰਹੀ। ਹੈਰਾਨੀ ਵਾਲੀ ਗੱਲ ਇਹ ਵੀ ਹੈ ਕਿ ਅੱਜ ਲੱਗਭੱਗ ਉਸ ਪੀੜ੍ਹੀ ਦੇ ਲੋਕ ਉਸ ਵਹਿਸ਼ੀ ਸਮੇਂ ਦੀਆਂ ਘਟਨਾਵਾਂ ਨਾਲ ਜੁੜੇ ਹੋਏ ਹਨ, ਜਿਨ੍ਹਾਂ ਦਾ ਜਨਮ ਹੀ ਆਜ਼ਾਦ ਭਾਰਤ ਵਿੱਚ ਜਾਂ ਆਜ਼ਾਦ ਪਾਕਿਸਤਾਨ ਵਿੱਚ ਹੋਇਆ, ਪਰ ਇਹ ਸਾਰਾ ਵਰਤਾਰਾ ਸਾਡੇ ਜ਼ਿਹਨ ਵਿੱਚ ਇਸ ਹੱਦ ਤੱਕ ਭਾਰੂ ਹੈ ਕਿ ਅਸੀਂ ਸ਼ਾਇਦ ਇਸ ਨੂੰ ਸਦੀਆਂ ਤੱਕ ਵੀ ਭੁਲਾ ਨਹੀਂ ਸਕਾਂਗੇ। ਚੜ੍ਹਦੇ/ਲਹਿੰਦੇ ਪੰਜਾਬ ਦੇ ਵਾਸੀ ਇਸ ਨੂੰ ਭੋਗਦੇ ਆ ਰਹੇ ਹਨ। ਅਸਲ ਵਿੱਚ ਅਸੀਂ ਆਪਣੇ ਜਾਂ ਆਪਣਿਆਂ ਵੱਲੋਂ ਕੀਤੀਆਂ ਕਰਤੂਤਾਂ ਦਾ ਪਛਤਾਵਾ ਕਰਨ ਦਾ ਯਤਨ ਕਰਦੇ ਆ ਰਹੇ ਹਾਂ, ਪਰ ਇਹ ਘਟਨਾ ਏਡੀ ਵੱਡੀ ਹੈ ਕਿ ਸਾਡੀ ਸੋਚ 'ਚੋਂ ਮਨਫੀ ਨਹੀਂ ਹੋ ਰਹੀ।

'ਗੰਢਾਂ' ਕਹਾਣੀ ਵਿਚਲਾ ਪਾਤਰ (ਭਾਪਾ) ਕਹਾਣੀ ਦੇ ਆਰੰਭ ਵਿੱਚ ਸ਼ਮਸ਼ਾਨਘਾਟ ਵਿੱਚ ਚਿਣੀ ਹੋਈ ਚਿਖਾ ਵਿੱਚ ਪਿਆ ਹੈ, ਪਰ ਉਸ ਦੀ ਜ਼ਿੰਦਗੀ ਵਿੱਚ ਵਿਲੱਖਣ ਘਟਨਾਵਾਂ ਦਾ ਜ਼ਿਕਰ ਉਸ ਦਾ ਪਾਤਰ ਲੜੀਵਾਰ ਕਰਦਾ ਜਾ ਰਿਹਾ ਹੈ, ਜਿਸ ਨਾਲ ਉਸ ਪਾਤਰ ਦੇ ਮਨ 'ਚ ਪਈਆਂ ਗੰਢਾਂ ਹੌਲੀ-ਹੌਲੀ ਖੁੱਲ੍ਹ ਰਹੀਆਂ ਹਨ। ਪੁੱਤਰ ਦੇ ਮਨ ਵਿੱਚ ਪਹਿਲੀ ਗੰਢ ਇਹ ਹੈ ਕਿ ਸਸਕਾਰ ਪਿੰਡ ਦੀ ਤਿੰਨ ਨੁੱਕਰੀ ਸ਼ਮਸ਼ਾਨਘਾਟ ਵਿੱਚ ਜਾਂ ਸ਼ਹਿਰ ਵਿਚਲੇ ਮਸਾਣਾਂ ਵਿੱਚ ਕਰਨਾ ਹੈ, ਮਰਨ ਵਾਲੇ ਦੀ ਇੱਛਾ ਸੀ ਕਿ ਸ਼ਹਿਰ ਦੇ ਮਸਾਣਾਂ ਵਿੱਚ ਹੀ ਕੀਤਾ ਜਾਵੇ, ਪਰ ਇੱਕ ਪੁੱਤਰ ਦੀ ਮਰਜ਼ੀ ਅਨੁਸਾਰ ਪਿੰਡ ਦੀ ਤਿੰਨ ਨੁੱਕਰੀ ਸ਼ਮਸ਼ਾਨਘਾਟ ਵਿੱਚ ਹੀ ਕਰਨਾ ਪੈ ਰਿਹਾ ਹੈ। ਤਹਿਸੀਲਦਾਰ ਪੁੱਤਰ ਜੋ ਸ਼ਹਿਰ ਰਹਿੰਦਾ ਹੈ, ਆਪਣੇ ਬਾਪ ਦੀ ਆਖਰੀ ਇੱਛਾ ਚਾਹੁੰਦਾ ਹੋਇਆ ਵੀ ਪੂਰੀ ਨਹੀਂ ਕਰ ਸਕਦਾ, ਪਰ ਇਸ ਕਹਾਣੀ ਦਾ ਵੱਡਾ ਮਸਲਾ ਹੋਰ ਹੈ, ਜਿਸ ਨੂੰ ਮੈਂ ਪਾਤਰ ਅਤੇ ਉਸ ਦੇ ਮਰਨ ਵਾਲੇ ਬਾਪ ਨੇ ਹੰਡੀਂ ਹੰਢਾਇਆ ਹੈ। ਦੋ ਘਟਨਾਵਾਂ ਦਾ ਜ਼ਿਕਰ ਕਹਾਣੀਕਾਰ ਵਿਸ਼ੇਸ਼ ਤੌਰ 'ਤੇ ਕਰਦਾ ਹੈ। ਪਹਿਲੀ ਘਟਨਾ ਮੈਂ ਪਾਤਰ (ਕੁਲਬੀਰ) ਨਾਲ ਉਦੋਂ ਵਾਪਰਦੀ ਹੈ, ਜਦੋਂ ਉਹ ਆਪਣੇ ਜਮਾਤੀ/ਮਿੱਤਰ ਗੁਰਮੇਲ ਦੀ ਭੈਣ ਦੇ ਵਿਆਹ 'ਤੇ ਲੰਗਰ ਵਿੱਚ ਵਰਤਾਵਾ ਬਣ ਕੇ ਵਿਚਰਦਾ ਹੈ, ਜਿਸ ਨੂੰ ਗੁਰਮੇਲ ਦਾ ਬਾਪ ਸਹਾਰ ਨਹੀਂ ਸਕਦਾ ਤੇ ਕਹਿੰਦਾ ਹੈ ਕਿ ਤੂੰ ਭੱਠੀ ਹੇਠ ਛਾਪੇ ਭੰਨ-ਭੰਨ ਕੇ ਡਾਹ, ਦੂਜੀ ਉਸ ਦੇ ਬਾਪ ਜੋ ਫੌਜੀ ਹੈ ਤੇ ਪ੍ਰਭਾਤਫੇਰੀਆਂ, ਗੁਰਪੁਰਬਾਂ 'ਤੇ ਜੀਅ-ਜਾਨ ਨਾਲ ਸੇਵਾ ਰਕਦਾ ਹੈ, ਦੇ ਹੱਥੋਂ ਤਾਰਾ ਸਿੰਘ ਇਸ ਕਰਕੇ ਲੰਗਰ ਨਹੀਂ ਛਕਦਾ, ਕਿਉਂ ਜੋ ਫੌਜੀ ਅਖੌਤੀ ਰੂਪ ਵਿੱਚ ਛੋਟੀ ਜਾਤ ਨਾਲ ਸੰਬੰਧਤ ਹੈ, ਪਰ ਇਸ ਨਫਰਤ ਦਾ ਸਿਰਾ ਉਦੋਂ ਲੱਗਦਾ ਹੈ, ਜਦੋਂ ਇੱਕ ਡੇਰੇ ਦੇ ਮੁਖੀ, ਜੋ ਆਪਣੇ ਮੁਖਾਰਬਿੰਦ ਤੋਂ ਬਹੁਤ ਹੀ ਮਨਮੋਹਣੇ ਢੰਗ ਨਾਲ ਗੁਰੂ ਸਾਹਿਬਾਨ ਵੱਲੋਂ ਦਰਸਾਏ ਸਮਾਜਿਕ ਬਰਾਬਰੀ ਦੇ ਰਾਹ ਬਾਰੇ ਵਿਖਿਆਨ ਤਾਂ ਕਰਦਾ ਹੈ, ਪਰ ਆਪਣੀ ਜ਼ਿੰਦਗੀ ਵਿੱਚ ਉਸ 'ਤੇ ਅਮਲ ਨਹੀਂ ਕਰਦਾ, ਸਗੋਂ ਉਸ ਦੇ ਇਹ ਕੌੜੇ ਬੋਲ ਫੌਜੀ ਦੇ ਕੰਨੀ ਪੈਂਦੇ ਹਨ ਤਾਂ ਉਸ ਦਾ ਹਿਰਦਾ ਹੋਰ ਵੀ ਵਲੂੰਧਰਿਆ ਜਾਂਦਾ ਹੈ। ਉਸ 'ਮਹਾਂਪੁਰਸ਼' ਦਾ ਕਥਨ ਕਹਾਣੀਕਾਰ ਇਉਂ ਪੇਸ਼ ਕਰਦਾ ਹੈ :

'ਤੁਹਾਡੇ ਵਿੱਚ ਮਜ਼ਬੀ ਸਿੱਖ ਜਾਂ ਕੋਈ ਹੋਰ ਹੇਠਲੀ ਜਾਤ ਨਾਲ ਸੰਬੰਧਤ ਹੋਵੇ ਤਾਂ ਉਹਨਾਂ ਦਾ ਲੰਗਰ ਬਾਹਰ ਟੀਨ ਦੇ ਸ਼ੈੱਡ ਹੇਠਾਂ ਤਿਆਰ ਐ। ਉੱਥੇ ਹੀ ਉਹਨਾਂ ਦੇ ਬਰਤਨ ਪਏ ਹਨ। ਪ੍ਰਸ਼ਾਦਾ ਛਕ ਕੇ ਆਪੋ-ਆਪਣੇ ਭਾਂਡੇ ਉਸੇ ਤਰ੍ਹਾਂ ਧੋ-ਮਾਂਜ ਕੇ ਮੂਧੇ ਮਾਰ ਕੇ ਜਾਇਓ ਜੇ।'

ਅੱਜ ਤੋਂ ਸਾਢੇ ਪੰਜ ਸਦੀਆਂ ਪਹਿਲਾਂ ਗੁਰੂ ਨਾਨਕ ਜਿਸ ਵਰਗ ਰਹਿਤ/ਜਾਤ ਰਹਿਤ/ਸਮਾਜਿਕ ਬਰਾਬਰੀ ਦੇ ਵਰਤਾਰੇ ਦਾ ਹੋਕਾ ਦੇ ਕੇ ਗਏ ਸਨ, ਉਸ ਸਾਰੇ ਦੀ ਉਲੰਘਣਾ ਉਹਨਾ ਦੇ ਪੈਰੋਕਾਰ ਹੀ ਕਰੀ ਜਾ ਰਹੇ ਹਨ। ਅਸੀਂ ਅੱਜ ਇੱਕੀਵੀਂ ਸਦੀ ਵਿੱਚ ਰਹਿ ਕੇ ਜੇ ਅਜਿਹੇ ਵਰਤਾਰੇ ਦਾ ਸ਼ਿਕਾਰ ਹਾਂ ਤਾਂ ਪਾਤਰਾਂ ਦਾ ਅਸਹਿਜ ਤਾਂ ਹੋਣਾ ਹੀ ਹੋਇਆ ਅਤੇ ਇਹੀ ਅਸਹਿਜ ਵਰਤਾਰਾ ਉਹਨਾਂ ਦੇ ਮਨ ਵਿੱਚ ਅਜਿਹੀਆਂ ਅਤੇ ਹੋਰ ਕਈ ਤਰ੍ਹਾਂ ਦੀਆਂ ਗੰਢਾਂ ਹੋਰ ਪੀੜੀਆਂ ਕਰੀ ਜਾ ਰਿਹਾ ਹੈ। ਪਿੰਡ ਦੇ ਵਰਤਾਰੇ ਵਿੱਚ ਕੰਮੀਆਂ ਦੇ ਵੱਖਰੇ ਵਿਹੜੇ ਹੀ ਨਹੀਂ, ਸਗੋਂ ਉਹਨਾਂ ਦੇ ਸ਼ਮਸ਼ਾਨ ਘਾਟ ਵੀ ਵੱਖਰੇ ਹਨ, ਜਿਸ ਨੂੰ ਕਹਾਣੀਕਾਰ ਕਦੀ ਤਿੰਨ ਨੁਕਰੀ ਸ਼ਮਸ਼ਾਨਘਾਟ ਕਹਿੰਦਾ ਹੈ, ਕਦੇ ਪਿੰਡ ਦੀ ਲਹਿੰਦੀ ਗੁੱਠੇ ਕੁਤਰ 'ਚ ਸ਼ਮਸ਼ਾਨਘਾਟ। ਇਹ ਅਸਲ ਵਿੱਚ ਅਜਿਹੀ ਜ਼ਿੰਦਗੀ ਹੰਢਾ ਰਹੇ ਉਹਨਾਂ ਪਾਤਰਾਂ ਦੀ ਹੋਣੀ ਹੈ, ਜੋ ਉਹ ਜਿਉਂਦੇ ਜੀਅ ਵੀ ਭੋਗ ਰਹੇ ਹਨ ਅਤੇ ਮਰਨ ਉਪਰੰਤ ਵੀ ਭੋਗਣ ਲਈ ਮਜਬੂਰ ਹਨ। ਦੀਪ ਦੀ ਭਾਸ਼ਾ ਦੀ ਇਹ ਸਿਫਤ ਹੈ ਕਿ ਉਹ ਪਾਤਰ ਅਤੇ ਸਥਿਤੀ ਅਨੁਸਾਰ ਭਾਸ਼ਾ ਦਾ ਅਜਿਹਾ ਆਭਾ ਮੰਡਲ ਉਸਾਰਦਾ ਹੈ ਕਿ ਪਾਠਕ ਉਸ ਵਿਚਲੀ ਚਕਾਚੌਂਧ ਤੋਂ ਬਚ ਨਹੀਂ ਸਕਦਾ।

ਦੀਪ ਨੇ ਭਾਪੇ ਦਾ ਇੱਕ ਹੋਰ ਰੂਪ ਵੀ ਸਿਰਜਿਆ ਹੈ, ਜਿਸ ਰਾਹੀਂ ਉਹ ਕੁਦਰਤ ਦੀ ਮਾਰ ਝੱਲ ਰਹੇ ਪਾਤਰ ਦੀ ਅਸਹਿਜਤਾ ਦਾ ਵੇਰਵਾ ਪੇਸ਼ ਕਰਦਾ ਹੈ। ਸਾਰੀ ਕਹਾਣੀ ਵਿੱਚ ਮੈਂ ਪਾਤਰ (ਧੀਰਾ) ਆਪਣੇ ਬਾਪ ਨੂੰ ਆਪਣੀ ਮਾਂ ਹੱਥੋਂ ਦੁਰਕਾਰਦਾ ਦੇਖਦਾ ਰਹਿੰਦਾ ਹੈ, ਬਾਪ ਵੀ ਅਜਿਹਾ ਜੋ ਅੱਗੋਂ ਕੁਸਕਦਾ ਤੱਕ ਨਹੀਂ, ਚੁੱਪਚਾ

26-Feb-Sunday.qxd 2/25/2023 10:01 PM Page 6

ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲਾ 2023

ਅੰਮ੍ਰਿਤਸਰ-ਵਿਰਾਸਤੀ ਵਿੱਦਿਅਕ ਸੰਸਥਾ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸਾਲਾਨਾ ਈਵੈਂਟ ਬਣ ਚੁੱਕੇ ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲੇ ਨੇ ਪੰਜਾਬੀ ਲੋਕਾਂ ਦੇ ਦਿਲਾਂ ਵਿਚ ਅਜਿਹੀ ਛਾਪ ਬਣਾ ਲਈ ਹੈ ਕਿ ਲੋਕ ਇਸ ਨੂੰ ਉਡੀਕਣ ਲੱਗੇ ਹਨ। ਦੂਰ-ਦੁਰਾਡੇ ਬੈਠੇ ਲੋਕ ਆਪਣੀਆਂ ਛੁੱਟੀਆਂ ਨੂੰ ਇਸ ਦੇ ਹਿਸਾਬ ਨਾਲ ਵਿਉਂਤਦੇ ਹਨ ਤਾਂ ਜੋ ਇਕ ਦਿਨ ਇਸ ਮੇਲੇ ਲਈ ਰਾਖਵਾਂ ਰੱਖਿਆ ਜਾ ਸਕੇ। ਬਹੁਤ ਸਾਰੇ ਸਾਹਿਤਕਾਰ ਆਪਣੀਆਂ ਪੁਸਤਕਾਂ ਦੀ ਛਪਾਈ ਦਾ ਕੰਮ ਇਸ ਹਿਸਾਬ ਨਾਲ ਕਰਦੇ ਹਨ ਕਿ ਉਹ ਆਪਣੀ ਪੁਸਤਕ ਨੂੰ ਇਸ ਮੇਲੇ ਵਿਚ ਲੋਕ ਅਰਪਿਤ ਕਰ ਸਕਣ। ਇਸ ਵਾਰ ਦਾ ਮੇਲਾ ਸਫਲਤਾ ਦੇ ਨਵੇਂ ਅਯਾਮ ਪੈਦਾ ਕਰ ਗਿਆ ਅਤੇ ਪ੍ਰਬੰਧਕਾਂ ਲਈ ਅਗਲੇ ਸਾਲ ਹੋਰ ਮਿਹਨਤ ਕਰਨ ਦੇ ਮਿਆਰ ਸਿਰਜ ਗਿਆ। ਸਿੱਖ ਕੌਮ ਦੀ ਸਿਰਮੌਰ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੇ ਮੁਖੀ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਦਿੱਤੇ ਆਸ਼ੀਰਵਾਦ ਸਦਕਾ ਇਹ ਮੇਲਾ ਹੋਰ ਵੀ ਵੱਡੇ ਅਰਥ ਧਾਰਨ ਕਰਦਾ ਹੈ। ਖ਼ਾਲਸਾ ਕਾਲਜ ਚੈਰੀਟੇਬਲ ਸੋਸਾਇਟੀ ਦੇ ਆਸ਼ੀਰਵਾਦ, ਪ੍ਰਿੰਸੀਪਲ ਡਾ. ਮਹਿਲ ਸਿੰਘ ਦੀ ਸੁਚੱਜੀ ਅਗਵਾਈ ਅਧੀਨ ਪੰਜਾਬੀ ਵਿਭਾਗ ਦੇ ਮੁਖੀ ਡਾ. ਆਤਮ ਸਿੰਘ ਰੰਧਾਵਾ ਦੀ ਨਿਗਰਾਨੀ ਵਿਚ ਸਿਰੇ ਚੜ੍ਹੇ ਪੰਜ ਦਿਨਾਂ ਇਸ ਮੇਲੇ ਦੀ ਸਫਲਤਾ ਪੰਜਾਬੀਆਂ ਲਈ ਸਕੂਨ ਭਰਿਆ ਅਹਿਸਾਸ ਹੈ।

ਪੰਜਾਬ ਦੇ ਚਿੰਤਕਾਂ ਅਤੇ ਕਲਾਕਾਰਾਂ ਵੱਲੋਂ ਉਡੀਕਿਆ ਜਾਂਦਾ 2015 ਤੋਂ ਸ਼ੁਰੂ ਹੋਇਆ ਇਹ ਅੱਠਵਾਂ 'ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲਾ' 14 ਫਰਵਰੀ ਨੂੰ ਕਾਲਜ ਦੀ ਗਰਾਊਂਡ ਵਿਚ ਪੂਰੀ ਸ਼ਾਨੋ-ਸ਼ੌਕਤ ਨਾਲ ਸ਼ੁਰੂ ਹੋ ਗਿਆ। ਕਾਲਜ ਸ਼ਬਦ ਤੋਂ ਬਾਅਦ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਰਿਲੀਜ਼ ਕੀਤੀਆਂ ਜਾਣ ਵਾਲੀਆਂ ਪੁਸਤਕਾਂ ਬਾਰੇ ਜਾਣਕਾਰੀ ਦਿੱਤੀ। ਮੇਲੇ ਦਾ ਉਦਘਾਟਨ ਕਰਨ ਪਹੁੰਚੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਆਪਣੇ ਉਦਘਾਟਨੀ ਸ਼ਬਦਾਂ ਵਿਚ ਕਿਹਾ ਕਿ ਖ਼ਾਲਸਾ ਕਾਲਜ ਸਿੱਖ ਸਮਾਜ ਦੀ ਚਾਨਣ-ਮੁਨਾਰਾ ਇਤਿਹਾਸਕ ਵਿਦਿਅਕ ਸੰਸਥਾ ਹੈ। ਇਹ ਸੰਸਥਾ ਸਮੇਂ ਦੀਆਂ ਲੋੜਾਂ ਅਨੁਸਾਰ ਕੌਮ ਨੂੰ ਨਵੀਂ ਵਿੱਦਿਆ ਨਾਲ ਜੋੜਨ ਦਾ ਮਹੱਤਵਪੂਰਨ ਉਪਰਾਲਾ ਕਰਦੀ ਹੈ ਅਤੇ ਹੁਣ ਹਰ ਸਾਲ ਇਸ ਸੰਸਥਾ ਦਾ ਪੁਸਤਕ ਮੇਲਾ ਲਗਾ ਕੇ ਪੰਜਾਬੀਆਂ ਨੂੰ ਸ਼ਬਦਾਂ ਨਾਲ ਜੋੜਨ ਦਾ ਉਪਰਾਲਾ ਸ਼ਲਾਘਾਯੋਗ ਹੈ। ਉਹਨਾਂ ਕਿਹਾ ਕਿ ਇਲੈਕਟ੍ਰਾਨਿਕ ਯੁੱਗ ਵਿਚ ਵੀ ਕਿਤਾਬਾਂ ਦਾ ਕੋਈ ਬਦਲ ਨਹੀਂ ਹੈ। ਉਹਨਾਂ ਇਹ ਵੀ ਕਿਹਾ ਕਿ ਪੰਜਾਬ ਦਾ ਬਿਊਰੋਕ੍ਰੇਸੀ ਵਿਚ ਬਣਦਾ ਹਿੱਸਾ ਲੈਣ ਲਈ ਸਾਡੇ ਨੌਜਵਾਨਾਂ ਨੂੰ ਪੁਸਤਕਾਂ ਨਲ ਜੁੜਨਾ ਚਾਹੀਦਾ ਹੈ।

ਇਸ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸ. ਰਜਿੰਦਰ ਮੋਹਨ ਸਿੰਘ ਛੀਨਾ, ਆਨਰੇਰੀ ਸਕੱਤਰ ਖ਼ਾਲਸਾ ਕਾਲਜ ਚੈਰੀਟੇਬਲ ਸੁਸਾਇਟੀ, ਅੰਮ੍ਰਿਤਸਰ ਨੇ ਆਪਣੇ ਪ੍ਰਧਾਨਗੀ ਸ਼ਬਦਾਂ ਵਿਚ ਕਿਹਾ ਕਿ ਖ਼ਾਲਸਾ ਕਾਲਜ ਆਪਣੀ ਸਥਾਪਨਾ ਦੇ ਪਹਿਲੇ ਦਿਨ ਤੋਂ ਹੀ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਬਿਹਤਰੀ ਲਈ ਵਚਨਬੱਧ ਰਿਹਾ ਹੈ।

ਇਸ ਸਮਾਗਮ ਦੌਰਾਨ ਵਿਸ਼ੇਸ਼ ਮਹਿਮਾਨ ਵਜੋਂ ਖ਼ਾਲਸਾ ਕਾਲਜ ਚੈਰੀਟੇਬਲ ਸੁਸਾਇਟੀ ਦੇ ਫਾਈਨਾਂਸ ਸੈਕਟਰੀ ਗੁਨਬੀਰ ਸਿੰਘ, ਨਾਮਵਰ ਪੰਜਾਬੀ ਗਾਇਕ ਬੀਰ ਸਿੰਘ, ਡਾ. ਸੁਰਜੀਤ ਪਾਤਰ, ਡਾ. ਲਖਵਿੰਦਰ ਸਿੰਘ ਜੌਹਲ, ਕੇਵਲ ਧਾਲੀਵਾਲ ਨੇ ਸ਼ਿਰਕਤ ਕੀਤੀ। ਇਸ ਉਦਘਾਟਨੀ ਸਮਾਗਮ ਵਿਚ ਸ਼ਾਮਲ ਮਹਿਮਾਨਾਂ ਵੱਲੋਂ ਕਾਲਜ ਦਾ ਖੋਜ ਰਸਾਲਾ 'ਸੰਵਾਦ-17', 'ਖ਼ਾਲਸਾ ਕਾਲਜ ਅੰਮ੍ਰਿਤਸਰ-ਚਾਨਣ ਮੁਨਾਰਾ' (ਕੌਫੀ ਟੇਬਲ ਬੁੱਕ), ਸ. ਹਰਭਜਨ ਸਿੰਘ ਚੀਮਾ ਦੀ ਪੁਸਤਕ 'ਮਹਾਰਾਜਾ ਰਣਜੀਤ ਸਿੰਘ-ਸਿੱਖ ਰਾਜ ਦੀਆਂ ਬਾਤਾਂ', ਡਾ. ਹਰਦੇਵ ਸਿੰਘ ਦੀ ਪੁਸਤਕ 'ਭਾਈ ਨੰਦ ਲਾਲ ਦੀਆਂ ਰਚਨਾਵਾਂ ਅਤੇ ਸਿੱਖ ਫਲਸਫਾ' ਅਤੇ ਅਜੈਪਾਲ ਸਿੰਘ ਢਿੱਲੋਂ ਦੀ ਕਾਵਿ ਪੁਸਤਕ 'ਅਜਮਲ' ਨੂੰ ਰਿਲੀਜ਼ ਕੀਤਾ ਗਿਆ।

ਬਾਅਦ ਦੁਪਹਿਰ ਸਮਾਗਮ ਦੇ ਦੂਸਰੇ ਹਿੱਸੇ ਵਜੋਂ 'ਸੁਰ, ਸ਼ਬਦ ਤੇ ਸੰਵਾਦ' ਪ੍ਰੋਗਰਾਮ ਵਿਚ ਪ੍ਰਸਿੱਧ ਸ਼ਾਇਰ ਸ੍ਰੀ ਜਸਵੰਤ ਜ਼ਫਰ ਨੇ ਗਾਇਕ ਬੀਰ ਸਿੰਘ ਨੂੰ ਉਹਨਾਂ ਦੀ ਗਾਇਕੀ ਦੇ ਅਨੁਭਵ ਬਾਰੇ ਸੁਆਲ-ਜੁਆਬ ਕੀਤੇ ਅਤੇ ਇਸ ਦੌਰਾਨ ਬੀਰ ਸਿੰਘ ਨੇ ਆਪਣੀ ਗਾਇਕੀ ਦੇ ਨਮੂਨੇ ਵੀ ਪੇਸ਼ ਕੀਤੇ। 'ਸੁਖਨ ਦੇ ਸੂਰਜ' ਪ੍ਰੋਗਰਾਮ ਦੌਰਾਨ ਪੰਜਾਬੀ ਦੇ ਨਾਮਵਰ ਸ਼ਾਇਰਾਂ ਡਾ. ਸੁਰਜੀਤ ਪਾਤਰ, ਡਾ. ਲਖਵਿੰਦਰ ਜੌਹਲ, ਸੁਖਵਿੰਦਰ ਅੰਮ੍ਰਿਤ, ਅਮਰਜੀਤ ਕੌਂਕੇ, ਵਿਜੇ ਵਿਵੇਕ, ਸਵਰਨਜੀਤ ਸਵੀ, ਜਸਵੰਤ ਜ਼ਫਰ, ਗੁਰਤੇਜ ਕੋਹਾਰਵਾਲਾ, ਚਰਨ ਸਿੰਘ ਕੈਨੇਡਾ, ਸਰਬਜੀਤ ਕੌਰ ਜੱਸ, ਅਰਤਿੰਦਰ ਸੰਧੂ, ਹਰਮੀਤ ਵਿਦਿਆਰਥੀ, ਬੀਬਾ ਬਲਵੰਤ ਅਤੇ ਮਦਨ ਵੀਰਾ ਨੇ ਆਪੋ-ਆਪਣੀਆਂ ਰਚਨਾਵਾਂ ਨਾਲ ਸਰੋਤਿਆਂ ਤੋਂ ਵਾਹ-ਵਾਹ ਹਾਸਲ ਕੀਤੀ।

ਦੂਸਰੇ ਦਿਨ ਚਿੰਤਕਾਂ ਦਾ ਚਿੰਤਨ ਰਿਹਾ ਭਾਰੂ। ਦੂਸਰੇ ਦਿਨ ਦੀ ਸ਼ੁਰੂਆਤ ਸ. ਮਹਿੰਦਰ ਸਿੰਘ ਸਰਨਾ ਜਨਮ-ਸ਼ਤਾਬਦੀ ਨੂੰ

ਸਮਰਪਿਤ ਪੈਨਲ ਚਰਚਾ ਨਾਲ ਹੋਈ। ਸ. ਮਹਿੰਦਰ ਸਿੰਘ ਸਰਨਾ ਦੀ ਪੰਜਾਬੀ ਸਾਹਿਤ ਨੂੰ ਦੇਣ ਵਿਸ਼ੇ 'ਤੇ ਹੋਈ ਪੈਨਲ ਚਰਚਾ ਵਿਚ ਮੁੱਖ ਮਹਿਮਾਨ ਵਜੋਂ ਸ. ਨਵਤੇਜ ਸਿੰਘ ਸਰਨਾ ਸਾਬਕਾ ਭਾਰਤੀ ਰਾਜਦੂਤ ਪਹੁੰਚੇ, ਜਦਕਿ ਇਸ ਪੈਨਲ ਚਰਚਾ ਵਿਚ ਭਾਗ ਲੈਣ ਵਾਲੇ ਮਾਹਿਰ ਵਿਦਵਾਨਾਂ ਵਿਚ ਡਾ. ਮਹਿਲ ਸਿੰਘ ਅਤੇ ਡਾ. ਅਮਨਪ੍ਰੀਤ ਸਿੰਘ ਗਿੱਲ ਸਨ। ਵਿਦਵਾਨਾਂ ਨੇ ਸਪੱਸ਼ਟ ਕੀਤਾ ਕਿ ਮਹਿੰਦਰ ਸਿੰਘ ਸਰਨਾ ਦੀਆਂ ਰਚਨਾਵਾਂ ਵਿਸ਼ੇਸ਼ ਕਰ ਕਹਾਣੀਆਂ ਵਿੱਚੋਂ 47 ਦੀ ਵੰਡ ਦਾ ਸੰਪੂਰਨ ਦੁੱਖ ਮਹਿਸੂਸ ਕੀਤਾ ਜਾ ਸਕਦਾ ਹੈ। ਦੋਵਾਂ ਪਾਸਿਆਂ ਦੀ ਬਰਬਰਤਾ ਨੂੰ ਇਹ ਕਹਾਣੀਆਂ ਬਾਖੂਬੀ ਪੇਸ਼ ਕਰਦੀਆਂ ਹਨ।

ਦੂਸਰੀ ਪੈਨਲ ਚਰਚਾ ਦਾ ਵਿਸ਼ਾ ਖ਼ਾਲਸਾ ਕਾਲਜ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਪੁਸਤਕ 'ਸੰਵਾਦ ਏ ਪੰਜਾਬ' ਸੀ। ਇਸ ਵਿਸ਼ੇ 'ਤੇ ਵਿਚਾਰ ਚਰਚਾ ਵਿਚ ਭਾਗ ਲੈਣ ਵਾਲੇ ਵਿਦਵਾਨਾਂ ਵਿਚ ਸ. ਅਮਰਜੀਤ ਸਿੰਘ ਗਰੇਵਾਲ, ਡਾ. ਸੁਰਜੀਤ ਸਿੰਘ, ਡਾ. ਗੁਰਮੁਖ ਸਿੰਘ ਅਤੇ ਡਾ. ਮਹਿਲ ਸਿੰਘ ਸਨ। ਡਾ. ਗਰੇਵਾਲ ਨੇ ਕਿਹਾ ਕਿ ਪੰਜਾਬ ਬਾਰੇ ਸਮੇਂ-ਸਮੇਂ 'ਤੇ ਵੱਖ-ਵੱਖ ਨੈਰੇਟਿਵ ਪੈਦਾ ਹੁੰਦੇ ਹਨ, ਜੋ ਪੰਜਾਬ ਨੂੰ ਸਮਝਣ ਲਈ ਸਹਾਇਕ ਹੋ ਸਕਦੇ ਹਨ। ਡਾ. ਸੁਰਜੀਤ ਨੇ ਕਿਹਾ ਕਿ ਇਸ ਸਮੇਂ ਪੰਜਾਬ ਵਿਚ ਵਿਨਾਸ਼ਕਾਰੀ ਅਤੇ ਉਸਾਰੂ ਦੋਵੇਂ ਕਿਸਮ ਦੀ ਹਿੰਸਾ ਦੀਆਂ ਸੰਭਾਵਨਾਵਾਂ ਵਧ ਰਹੀਆਂ ਹਨ। ਡਾ. ਮਹਿਲ ਸਿੰਘ ਨੇ ਕਿਹਾ ਕਿ ਇਸਾਈ ਡੇਰਿਆਂ 'ਤੇ ਵਧ ਰਹੀ ਸੰਖਿਆ ਪੰਜਾਬ ਦੇ ਵਾਤਾਵਰਣ ਵਿਚ ਇਕ ਨਵੇਂ ਪਰਿਵਰਤਨ ਦੀ ਘੰਟੀ ਹੈ।

ਵਿਚਾਰ-ਚਰਚਾ ਤੋਂ ਬਾਅਦ ਪੁਸਤਕ ਰਿਲੀਜ਼ ਸਮਾਗਮ ਕਰਵਾਇਆ ਗਿਆ, ਜਿਸ ਵਿਚ ਪਰਮਿੰਦਰ ਸੋਢੀ ਅਤੇ ਅਮਨਦੀਪ ਮਨੂੰ ਦੀ ਪੁਸਤਕ 'ਕੁਦਰਤ ਨਾਦ', ਪਰਗਟ ਸਿੰਘ ਸਤੌਜ ਦਾ ਨਾਵਲ '1947', ਡਾ. ਪਰਮਜੀਤ ਸਿੰਘ ਢੀਂਗਰਾ ਦੀ ਪੁਸਤਕ 'ਗੁਲਾਮੀ ਦੀ ਦਾਸਤਾਨ', ਵਾਹਿਦ ਦੀ ਪੁਸਤਕ 'ਪ੍ਰਿਜਮ 'ਚੋਂ ਲੰਘਦਾ ਸ਼ਹਿਰ' ਅਤੇ ਹਰਜੋਤ ਦੁਆਰਾ ਅਨੁਵਾਦਤ ਅਮਿਤ ਖਾਨ ਦੀ ਪੁਸਤਕ 'ਨਾਈਟ ਕਲੱਬ' ਨੂੰ ਰਿਲੀਜ਼ ਕੀਤਾ ਗਿਆ।

ਦੂਸਰੇ ਦਿਨ ਦੀ ਸਮਾਪਤੀ ਸੂਫ਼ੀ ਗਾਇਕ ਯਾਕੂਬ ਦੀ ਗਾਇਕੀ ਨਾਲ ਕੀਤੀ ਗਈ, ਜਿਸ ਨੂੰ ਦਰਸ਼ਕਾਂ ਨੇ ਬੜੇ ਧਿਆਨ ਨਾਲ ਸੁਣਿਆ ਅਤੇ ਸਮੇਂ-ਸਮੇਂ 'ਤੇ ਤਾੜੀਆਂ ਨਾਲ ਗਾਇਕ ਦੀ ਹੌਸਲਾ ਅਫਜ਼ਾਈ ਵੀ ਕੀਤੀ।

ਮੇਲੇ ਦਾ ਤੀਸਰਾ ਦਿਨ ਵੱਖ-ਵੱਖ- ਕਲਾਵਾਂ ਨੂੰ ਸਮਰਪਿਤ ਰਿਹਾ। ਮੇਲੇ ਦੀ ਸ਼ੁਰੂਆਤ ਸਵੇਰੇ 11 ਵਜੇ ਕੌਮਾਂਤਰੀ ਚਿੱਤਰਕਾਰ ਸਿਧਾਰਥ ਦੀ ਚਿੱਤਰਕਲਾ ਦੇ ਪ੍ਰਦਰਸ਼ਨ ਨਾਲ ਹੋਈ। ਉਹਨਾਂ ਨੇ ਭਾਰਤੀ ਅਤੇ ਪੰਜਾਬੀ ਚਿੱਤਰਕਾਰੀ ਤੋਂ ਬਿਨਾਂ ਆਪਣੇ ਚਿੱਤਰਕਾਰੀ ਦੇ ਸਫਰ ਬਾਰੇ ਵੀ ਦਰਸ਼ਕਾਂ ਨੂੰ ਦੱਸਿਆ ਅਤੇ ਕੁਝ ਚਿੱਤਰ ਦਰਸ਼ਕਾਂ ਸਾਹਮਣੇ ਬਣਾ ਕੇ ਉਹਨਾਂ ਦੇ ਨਮੂਨੇ ਦਿਖਾ ਕੇ ਹੈਰਾਨ ਵੀ ਕੀਤਾ।

ਦੂਸਰੇ ਪ੍ਰੋਗਰਾਮ 'ਬੁੱਲ੍ਹਾ ਕੀ ਜਾਣਾ ਮੈਂ ਕੌਣ' ਵਿਚ ਰੱਬੀ ਸ਼ੇਰਗਿੱਲ ਨੇ ਪੰਜਾਬ ਬਾਰੇ ਸੰਵਾਦ ਰਚਾਉਂਦਿਆਂ ਕਿਹਾ ਕਿ ਸਾਨੂੰ ਆਪਣੀਆਂ ਜੜ੍ਹਾਂ ਨਾਲ ਜੁੜਦਿਆਂ ਹੋਇਆਂ ਕਲਾ ਰਾਹੀਂ ਪੰਜਾਬ ਨੂੰ ਬਿਹਤਰੀਨ ਬਣਾਉਣ ਵਿਚ ਯੋਗਦਾਨ ਪਾਉਣਾ ਚਾਹੀਦਾ ਹੈ। ਸੰਵਾਦ ਦੇ ਨਾਲ-ਨਾਲ ਉਹਨਾਂ ਨੇ ਆਪਣੀ ਸੂਫ਼ੀ ਗਾਇਕੀ ਦਾ ਰੰਗ ਵੀ ਪੇਸ਼ ਕੀਤਾ, ਜਿਸ ਨੂੰ ਦਰਸ਼ਕਾਂ ਨੇ ਭਰਪੂਰ ਸਰਾਹਿਆ। ਇਸ ਪ੍ਰੋਗਰਾਮ ਦਾ ਸੰਚਾਲਨ ਵਿਭਾਗ ਦੇ ਅਧਿਆਪਕ ਅਤੇ ਮਸ਼ਹੂਰ ਫਿਲਮ ਨਿਰਦੇਸ਼ਕ ਪਰਮਜੀਤ ਸਿੰਘ ਕੱਟੂ ਨੇ ਬਾਖੂਬੀ ਕੀਤਾ।

ਮਕਬੂਲ ਕਹਾਣੀਕਾਰ ਮੰਟੋ ਦੀਆਂ ਕਹਾਣੀਆਂ 'ਤੇ ਅਧਾਰਿਤ ਸ਼ਰਧਾ ਦੁਆਰਾ ਨਿਰਦੇਸ਼ਿਤ ਅਤੇ ਖ਼ਾਲਸਾ ਕਾਲਜ ਦੇ ਥਿਏਟਰ ਵਿਭਾਗ ਦੇ ਵਿਦਿਆਰਥੀਆਂ ਦੁਆਰਾ ਤਿਆਰ ਨਾਟਕ 'ਅਫਸਾਨਾ' ਵੱਡੇ ਹਾਲ ਵਿਚ ਦਿਖਾਇਆ ਗਿਆ ਤਾਂ ਦਰਸ਼ਕਾਂ ਨੇ ਭਰਪੂਰ ਤਾੜੀਆਂ ਨਾਲ ਕਲਾਕਾਰਾਂ ਦੀ ਹੌਸਲਾ ਅਫਜ਼ਾਈ ਕੀਤੀ। ਮਾਣ ਪੰਜਾਬੀਆਂ ਦਾ ਅਤੇ ਅੰਤਰਰਾਸ਼ਟਰੀ ਸਾਹਿਤਕ ਮੰਚ ਯੂ.ਕੇ. ਵੱਲੋਂ ਇਸ ਮੇਲੇ ਵਿਚ ਵਿਸ਼ੇਸ਼ ਕਵੀ ਦਰਬਾਰ ਅਤੇ ਸਨਮਾਨ ਸਮਾਰੋਹ ਕਰਵਾਇਆ ਗਿਆ।

ਮਾਣ ਪੰਜਾਬੀਆਂ ਦਾ ਅਤੇ ਅੰਤਰਰਾਸ਼ਟਰੀ ਸਾਹਿਤਕ ਮੰਚ ਯੂ.ਕੇ. ਵੱਲੋਂ ਇਸ ਮੇਲੇ ਵਿਚ ਵਿਸ਼ੇਸ਼ ਕਵੀ ਦਰਬਾਰ ਅਤੇ ਸਨਮਾਨ ਸਮਾਰੋਹ ਕਰਵਾਇਆ ਗਿਆ, ਜਿਸ ਦਾ ਸੰਚਾਲਨ ਡਾ. ਹੀਰਾ ਸਿੰਘ ਅਤੇ ਰਾਜਬੀਰ ਕੌਰ ਗਰੇਵਾਲ ਨੇ ਸਾਂਝੇ ਤੌਰ 'ਤੇ ਕੀਤਾ। ਇਸ ਵਿਚ ਧਰਵਿੰਦਰ ਸਿੰਘ ਔਲਖ, ਹਰੀ ਸਿੰਘ ਜਾਚਕ, ਬਖਤਾਵਰ ਸਿੰਘ, ਰੋਜੀ ਸਿੰਘ, ਹਰਮੀਤ ਆਰਟਿਸਟ, ਰਮਨਦੀਪ ਦੀਪ, ਮਨਦੀਪ ਕੌਰ ਗੁਰਾਇਆਂ, ਦਵਿੰਦਰ ਦਿਲਰੂਪ, ਡਾ. ਸਤਿੰਦਰਜੀਤ ਕੌਰ ਬੁੱਟਰ, ਮਨਪ੍ਰੀਤ ਕੌਰ ਸੰਧੂ, ਦਵਿੰਦਰ ਖੁਸ਼ ਧਾਲੀਵਾਲ ਅਤੇ ਹੋਰ ਵੱਡੀ ਗਿਣਤੀ ਵਿਚ ਕਵੀਆਂ ਨੇ ਹਿੱਸਾ ਲਿਆ ਅਤੇ ਆਪੋ-ਆਪਣਾ ਕਲਾਮ ਪੇਸ਼ ਕੀਤਾ।

ਇਸ ਸਾਹਿਤ ਉਤਸਵ ਅਤੇ ਪੁਸਤਕ ਮੇਲੇ ਦੀ ਖਾਸ ਪ੍ਰਾਪਤੀ ਇਹ ਹੈ ਕਿ ਇਕ ਪਾਸੇ ਸਮਾਗਮਾਂ ਵਾਲਾ ਪੰਡਾਲ ਦਰਸ਼ਕਾਂ/ਸਰੋਤਿਆਂ ਨਾਲ ਭਰਿਆ ਰਹਿੰਦਾ ਅਤੇ ਦੂਸਰੇ ਪਾਸੇ 70 ਤੋਂ ਵੱਧ ਪੁਸਤਕ ਸਟਾਲਾਂ 'ਤੇ ਪੁਸਤਕ ਪ੍ਰੇਮੀਆਂ ਦੀ ਸਵੇਰੇ 10 ਵਜੇ ਤੋਂ ਹੀ ਰੌਣਕ ਜਮ੍ਹਾਂ ਹੋ ਜਾਂਦੀ ਰਹੀ, ਜੋ ਸ਼ਾਮ 6-7 ਵਜੇ ਤੱਕ ਖ਼ਾਲਸਾ ਕਾਲਜ ਨੂੰ ਮੇਲੇ ਦਾ ਰੂਪ ਦੇਈ ਰੱਖਦੀ ਹੈ। ਇਹਨਾਂ ਪੁਸਤਕ ਪ੍ਰੇਮੀਆਂ ਵਿਚ ਵੱਖ-ਵੱਖ ਸਕੂਲਾਂ ਦੇ ਅਧਿਆਪਕ ਅਤੇ ਯੂਨੀਵਰਸਿਟੀ ਦੇ ਵਿਦਿਆਰਥੀ ਵੀ ਵੱਡੀ ਗਿਣਤੀ ਵਿਚ ਵੇਖਣ ਨੂੰ ਮਿਲਦੇ ਰਹੇ। ਔਰਗੈਨਿਕ ਵਸਤੂਆਂ ਵੇਚਣ ਵਾਲਿਆਂ ਦੇ ਪੰਡਾਲਾਂ ਵਿਚ ਵੀ ਦਰਸ਼ਕਾਂ ਨੇ ਵਿਸ਼ੇਸ਼ ਰੁਚੀ ਵਿਖਾਈ।

ਪੁਸਤਕ ਮੇਲੇ ਦਾ ਚੌਥਾ ਦਿਨ ਵੱਖ-ਵੱਖ ਸਾਹਿਤਕ ਅਤੇ ਸੱਭਿਆਚਾਰਕ ਰੰਗਾਂ ਨਾਲ ਭਰਪੂਰ ਰਿਹਾ। ਮੇਲੇ ਦੀ ਸ਼ੁਰੂਆਤ ਭਾਈ ਵੀਰ ਸਿੰਘ ਸਾਹਿਤ ਸਦਨ ਨਵੀਂ ਦਿੱਲੀ ਵੱਲੋਂ ਆਯੋਜਿਤ ਭਾਈ ਵੀਰ ਸਿੰਘ ਜਨਮ-ਸ਼ਤਾਬਦੀ ਨੂੰ ਸਮਰਪਿਤ ਸੈਮੀਨਾਰ ਨਾਲ ਹੋਈ, ਜਿਸ ਦਾ ਵਿਸ਼ਾ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ : ਭਾਈ ਵੀਰ ਸਿੰਘ ਸੀ। ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਕਿਹਾ ਕਿ ਭਾਈ ਵੀਰ ਸਿੰਘ ਦੀ ਪੰਜਾਬੀ ਸਾਹਿਤ ਨੂੰ ਦੇਣ ਬਹੁਪੱਖੀ ਕਿਸਮ ਦੀ ਹੈ, ਜਿਸ ਬਾਰੇ ਵਿਦਵਾਨਾਂ ਵੱਲੋਂ ਵਿਚਾਰਨਾ ਚਾਹੀਦਾ ਹੈ। ਇਸ ਸੈਮੀਨਾਰ ਦੀ ਪ੍ਰਧਾਨਗੀ ਡਾ. ਸਰਬਜੋਤ ਸਿੰਘ ਬਹਿਲ ਨੇ ਕੀਤੀ ਅਤੇ ਉਹਨਾਂ ਕਿਹਾ ਕਿ ਸਾਨੂੰ ਭਾਈ ਵੀਰ ਸਿੰਘ ਸਾਹਿਤ ਸਦਨ ਅਤੇ ਭਾਈ ਵੀਰ ਸਿੰਘ ਨਿਵਾਸ ਸਥਾਨ ਦੀ ਭਰਪੂਰ ਵਰਤੋਂ ਕਰਨੀ ਚਾਹੀਦੀ ਹੈ।

ਇਸ ਸੈਮੀਨਾਰ ਦੇ ਮੁੱਖ ਬੁਲਾਰੇ ਪ੍ਰਸਿੱਧ ਸਾਹਿਤ ਚਿੰਤਕ ਡਾ. ਰਾਣਾ ਨਈਅਰ ਸਨ। ਉਹਨਾਂ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਸ਼ੇਸ਼ਕਰ ਰਾਣਾ ਸੂਰਤ ਸਿੰਘ ਬਾਰੇ ਵਿਸਥਾਰ ਨਾਲ ਵਿਚਾਰ ਚਰਚਾ ਕੀਤੀ। ਉਹਨਾਂ ਇਹ ਵੀ ਕਿਹਾ ਕਿ ਨਾਵਲ ਦੇ ਆਉਣ ਨਾਲ ਪੰਜਾਬੀ ਸਾਹਿਤ ਵਿਚ ਆਧੁਨਿਕਤਾ ਅਤੇ ਪ੍ਰੰਪਰਾ ਦਾ ਦਵੰਦ ਸ਼ੁਰੂ ਹੋਇਆ। ਵਿਸ਼ੇਸ਼ ਮਹਿਮਾਨ ਵਜੋਂ ਡਾ. ਸੁਖਬੀਰ ਕੌਰ ਮਾਹਲ ਨੇ ਸ਼ਿਰਕਤ ਕੀਤੀ ਅਤੇ ਉਹਨਾਂ ਨੇ ਡਾ. ਰਾਣਾ ਦੇ ਵਿਚਾਰਾਂ ਦੀ ਪ੍ਰੌੜ੍ਹਤਾ ਕਰਦਿਆਂ ਕਿਹਾ ਕਿ 21ਵੀਂ ਸਦੀ ਵਿਚ ਸਾਨੂੰ ਫਿਰ ਤੋਂ ਬਦਲੇ ਹਾਲਾਤ ਵਿਚ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਨੂੰ ਵਾਚਣ ਦੀ ਜ਼ਰੂਰਤ ਹੈ। ਬੁਲਾਰਿਆਂ ਨੇ ਆਧੁਨਿਕ ਪੰਜਾਬੀ ਸਾਹਿਤ ਨੂੰ ਇਤਿਹਾਸਕ ਤੌਰ 'ਤੇ ਅਮੀਰ ਕਰਨ ਵਿਚ ਭਾਈ ਵੀਰ ਸਿੰਘ ਵੱਲੋਂ ਪਾਏ ਯੋਗਦਾਨ ਦੀ ਵਿਸਥਾਰ ਨਾਲ ਵਿਆਖਿਆ ਕੀਤੀ।

ਦੂਸਰਾ ਪ੍ਰੋਗਰਾਮ ਵਿਸ਼ਵ ਕਾਨਫਰੰਸਾਂ ਦਾ ਮਾਤ-ਭਾਸ਼ਾ ਦੀ ਤਰੱਕੀ ਵਿਚ ਯੋਗਦਾਨ ਜਗ

26-FEB-PAGE-1.qxd 2/25/2023 10:11 PM Page 1

ਐਤਵਾਰ, 26 ਫਰਵਰੀ, 2023
14 ਫੱਗਣ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 267

ਨਵਾਂ ਜ਼ਮਾਨਾ

DAILY NAWAN ZAMANA • SUNDAY, 26 FEBRUARY, 2023
ਜਲੰਧਰ
ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਗੁਰੂ ਗ੍ਰੰਥ ਸਾਹਿਬ ਨੂੰ ਢਾਲ ਬਣਾਉਣ ਵਾਲੇ ਪੰਜਾਬ ਦੇ 'ਵਾਰਿਸ' ਅਖਵਾਉਣ ਦੇ ਕਾਬਲ ਨਹੀਂ : ਮਾਨ

ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਜਲਦ ਸਲਾਖਾਂ ਪਿੱਛੇ ਡੱਕਿਆ ਜਾਵੇਗਾ, ਪਾਤਰੇਵਾਲਾ 'ਚ ਜਲ ਪ੍ਰੋਜੈਕਟ ਦਾ ਉਦਘਾਟਨ, ਪ੍ਰੋਜੈਕਟ ਪੂਰਾ ਹੋਣ 'ਤੇ 4.75 ਲੱਖ ਲੋਕਾਂ ਦੀ ਬੁਝੇਗੀ ਪਿਆਸ

ਫਾਜ਼ਿਲਕਾ : ਬੀਤੇ ਦਿਨੀਂ ਅਜਨਾਲਾ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਢਾਲ ਬਣਾ ਕੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਵੱਲੋਂ ਕੀਤੇ ਗਏ ਪ੍ਰਦਰਸ਼ਨ ਤੋਂ ਬਾਅਦ ਵੱਖ-ਵੱਖ ਰਾਜਨੀਤਕ ਪਾਰਟੀਆਂ ਅਤੇ ਜਥੇਬੰਦੀਆਂ ਵੱਲੋਂ ਨਿਖੇਧੀ ਕੀਤੀ ਜਾ ਰਹੀ ਹੈ। ਸ਼ਨੀਵਾਰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਸ ਘਟਨਾ ਸੰਬੰਧੀ ਟਵੀਟ ਕੀਤਾ ਗਿਆ ਹੈ। ਮੁੱਖ ਮੰਤਰੀ ਮਾਨ ਨੇ ਲਿਖਿਆ 'ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਢਾਲ ਬਣਾ ਕੇ ਥਾਣਿਆਂ ਤੱਕ ਲੈ ਕੇ ਜਾਣ ਵਾਲੇ ਕਿਸੇ ਵੀ ਪੱਖ ਤੋਂ ਪੰਜਾਬ ਅਤੇ ਪੰਜਾਬੀਅਤ ਦੇ 'ਵਾਰਿਸ' ਅਖਵਾਉਣ ਦੇ ਕਾਬਿਲ ਨਹੀਂ ਹੋ ਸਕਦੇ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ● ਬਾਕੀ ਸਫ਼ਾ 10 'ਤੇ

ਕਾਨੂੰਨ ਵਿਵਸਥਾ ਕੰਟਰੋਲ ਹੇਠ : ਮੁੱਖ ਮੰਤਰੀ

ਮੁੰਬਈ : ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਭੀੜ ਵੱਲੋਂ ਅਜਨਾਲਾ ਪੁਲਸ ਥਾਣੇ 'ਤੇ ਹਮਲਾ ਕਰਨ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਕਾਨੂੰਨ ਵਿਵਸਥਾ ਕੰਟਰੋਲ ਹੇਠ ਹੈ। ਮੁੰਬਈ ਵਿੱਚ ਸਾਬਕਾ ਮੁੱਖ ਮੰਤਰੀ ਊਧਵ ਠਾਕਰੇ ਦੀ ਰਿਹਾਇਸ 'ਮਾਤੋਸ਼੍ਰੀ' 'ਤੇ ਮੀਡੀਆ ਨਾਲ ਗੱਲਬਾਤ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਤੁਹਾਡੇ ਕੋਲ ਗਲਤ ਜਾਣਕਾਰੀ ਹੈ। ਪੰਜਾਬ 'ਚ ਕਾਨੂੰਨ ਵਿਵਸਥਾ ਕੰਟਰੋਲ ਹੇਠ ਹੈ। ਪੰਜਾਬ ਪੁਲਸ ਸਮਰਥ ਹੈ। ਉਹਨਾਂ ਕਿਹਾ ਕਿ 10 ਸਾਲਾਂ ਤੋਂ ਪੰਜਾਬ ਵਿਚ ਆਪਸੀ ਸਾਂਝ 'ਤੇ ਗੋਲੀਆਂ ਵਰ੍ਹਾਈਆਂ ਗਈਆਂ। ਲੋਕ ਇਕੱਠੇ ਰਹਿਣਾ ਚਾਹੁੰਦੇ ਹਨ, ਸਾਡਾ ਸੂਬਾ ਸ਼ਾਂਤਮਈ ਹੈ। ਵੱਡੇ ਉਦਯੋਗਾਂ ਨੇ ਉੱਥੇ ਨਿਵੇਸ਼ ਕਰਨਾ ਸ਼ੁਰੂ ਕਰ ਦਿੱਤਾ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਊਧਵ ਠਾਕਰੇ ਨਾਲ ਉਨ੍ਹਾਂ ਦੀ ਮੁੰਬਈ ਸਥਿਤ ਰਿਹਾਇਸ਼ 'ਤੇ ਮੁਲਾਕਾਤ ਕੀਤੀ।

ਪ੍ਰਧਾਨ ਸੇਵਕ ਰੇਲ, ਤੇਲ ਤੇ ਜੇਲ੍ਹ ਆਪਣੇ ਮਿੱਤਰਾਂ ਨੂੰ ਦੇ ਰਹੇ : ਖੜਗੇ

■ ਸੋਨੀਆ ਵੱਲੋਂ ਸਿਆਸਤ ਦੀ ਪਾਰੀ ਤੋਂ ਸੰਨਿਆਸ ਦਾ ਇਸ਼ਾਰਾ, ਖੁਸ਼ੀ ਹੈ 'ਭਾਰਤ ਜੋੜੋ ਯਾਤਰਾ' ਮੇਰੀ ਪਾਰੀ ਦਾ ਆਖਰੀ ਪੜਾਅ

ਰਾਏਪੁਰ : ਛਤੀਸਗੜ੍ਹ ਦੇ ਨਯਾ ਰਾਏਪੁਰ 'ਚ ਚੱਲ ਰਹੇ ਕਾਂਗਰਸ ਦੇ 85ਵੇਂ ਪਲੈਨਰੀ ਸੈਸ਼ਨ 'ਚ ਸੋਨੀਆ ਗਾਂਧੀ ਨੇ ਮੋਦੀ ਸਰਕਾਰ 'ਤੇ ਤਿੱਖਾ ਹਮਲਾ ਕੀਤਾ। ਕਨਵੈਨਸ਼ਨ ਦੇ ਦੂਜੇ ਦਿਨ ਸੋਨੀਆ ਨੇ ਕਿਹਾ ਕਿ ਕੇਂਦਰ ਸਰਕਾਰ ਅਤੇ ਆਰ ਐੱਸ ਐੱਸ ਨੇ ਸਾਰੀਆਂ ਖੁਦਮੁਖਤਿਆਰ ਏਜੰਸੀਆਂ 'ਤੇ ਕਬਜ਼ਾ ਕਰ ਲਿਆ ਹੈ। ਸੋਨੀਆ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੇਸ਼ ਲਈ ਨਹੀਂ, ਸਗੋਂ ਆਪਣੇ ਦੋਸਤਾਂ ਲਈ ਸੱਤਾ ਚਲਾ ਰਹੇ ਹਨ। ਇਸ ਦੇ ਨਾਲ ਹੀ ਸੋਨੀਆ ਨੇ ਰਾਹੁਲ ਗਾਂਧੀ ਦੀ ਤਾਰੀਫ ਵੀ ਕੀਤੀ। ਉਨ੍ਹਾ ਰਾਜਨੀਤੀ ਤੋਂ ਰਿਟਾਇਰਮੈਂਟ ਦਾ ਇਸ਼ਾਰਾ ਕੀਤਾ। ਸ਼ਨੀਵਾਰ ਆਪਣੇ ਭਾਸ਼ਣ 'ਚ ਉਹਨਾ ਕਿਹਾ—ਭਾਰਤ ਜੋੜੋ ਯਾਤਰਾ ਦੇ ਨਾਲ ਹੀ ਮੇਰੀ ਰਾਜਨੀਤਕ ਪਾਰੀ ਹੁਣ ਆਖਰੀ ਪੜਾਅ 'ਤੇ ਹੈ। 1998 'ਚ ਜਦ ਮੈਂ ਪਹਿਲੀ ਵਾਰ ਪਾਰਟੀ ਦੀ ਪ੍ਰਧਾਨ ਬਣੀ ਤਾਂ ਉਦੋਂ ਤੋਂ ਲੈ ਕੇ ਅੱਜ ਤੱਕ ਪਿਛਲੇ 25 ਸਾਲਾਂ 'ਚ ਬਹੁਤ ਚੰਗਾ ਤੇ ਕੁਝ ਬੁਰਾ ਅਨੁਭਵ ਰਿਹਾ। 2004 ਅਤੇ 2009 'ਚ ਪਾਰਟੀ ਨੇ ਬਹੁਤ ਚੰਗਾ ਕੰਮ ਕੀਤਾ ਜਾਂ ਫਿਰ ਡਾ. ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਬਣਾਉਣ ਦਾ ਮੇਰਾ ਫੈਸਲਾ। ਇਹ ਵਿਅਕਤੀਗਤ ਤੌਰ 'ਤੇ ਮੇਰੇ ਲਈ ਸੰਤੋਸ਼ਨਜਕ ਰਿਹਾ। ਇਸ ਲਈ ਪਾਰਟੀ ਵਰਕਰਾਂ ਦਾ ਮੈਨੂੰ ਪੂਰਾ ਸਹਿਯੋਗ ਮਿਲਿਆ। ਜਿਸ ਗੱਲ ਨਾਲ ਮੈਨੂੰ ਸਭ ਤੋਂ ਵੱਧ ਸੰਤੁਸ਼ਟੀ ਮਿਲੀ ਹੈ, ਉਹ ਇਹ ਕਿ ਭਾਰਤ ਜੋੜੋ ਯਾਤਰਾ ਦੇ ਨਾਲ ਹੁਣ ਮੇਰੀ ਪਾਰੀ ਸਮਾਪਤ ਹੋ ਸਕਦੀ ਹੈ। ਇਹ ਪਾਰਟੀ ਲਈ ਇੱਕ ਮਹੱਤਵਪੂਰਨ ਮੋੜ ਹੈ।

ਅਜਲਾਸ ਦੌਰਾਨ ਕਾਂਗਰਸ ਨੇ ਆਪਣੇ ਸੰਵਿਧਾਨ 'ਚ ਸੋਧ ਕੀਤੀ ਹੈ। ਇਸ ਤਹਿਤ ਵਰਕਿੰਗ ਕਮੇਟੀ ਦੇ ਸਥਾਈ ਮੈਂਬਰਾਂ ਦੀ ਗਿਣਤੀ 25 ਤੋਂ 35 ਹੋਵੇਗੀ, ਜਿਸ 'ਚ ਪ੍ਰਧਾਨ ਮੰਤਰੀ, ਸਾਬਕਾ ਪ੍ਰਧਾਨ ਮੰਤਰੀ ਅਤੇ ਪਾਰਟੀ ਨਾਲ ਸੰਬੰਧਤ ਸਾਬਕਾ ਪਾਰਟੀ ਪ੍ਰਧਾਨ ਇਸ ਦੇ ਮੈਂਬਰ ਹੋਣਗੇ। ਇਸ ਦੇ ਨਾਲ ਵਰਕਿੰਗ ਕਮੇਟੀ ਵਿੱਚ 50 ਫੀਸਦੀ ਸੀਟਾਂ ਐੱਸ ਸੀ/ ਐੱਸ ਟੀ/ ਓ ਬੀ ਸੀ/ ਔਰਤਾਂ/ ਨੌਜਵਾਨਾਂ/ਘੱਟ ਗਿਣਤੀਆਂ ਲਈ ਰਾਖਵੀਆਂ ਹੋਣਗੀਆਂ।

ਇਸ ਦੌਰਾਨ ਸੋਨੀਆ ਗਾਂਧੀ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਸਾਰੇ ਅਦਾਰਿਆਂ 'ਤੇ ਕਬਜਾ ਕਰ ਲਿਆ ਹੈ ਅਤੇ ਵਿਰੋਧੀ ਧਿਰ ਦੀ ਆਵਾਜ਼ ਨੂੰ ਦਬਾਉਂਦੇ ਹੋਏ ਨਫਰਤ ਦੀ ਅੱਗ ਭੜਕਾ ਰਹੀ ਹੈ। ਉਨ੍ਹਾ ਕਿਹਾ ਭਾਜਪਾ ਨਫਰਤ ਦੀ ਅੱਗ ਨੂੰ ਭੜਕਾ ਰਹੀ ਹੈ ਅਤੇ ਘੱਟ ਗਿਣਤੀਆਂ, ਦਲਿਤਾਂ, ਆਦਿਵਾਸੀਆਂ ਅਤੇ ਔਰਤਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਉਹਨਾ ਕਿਹਾ ਕਿ ਰਾਹੁਲ ਨੇ ਮੁਸ਼ਕਲ ਯਾਤਰਾ ਨੂੰ ਪੂਰਾ ਕੀਤਾ। ਦੇਸ਼ ਅਤੇ ਕਾਂਗਰਸ ਲਈ ਇਹ ਚੁਣੌਤੀ ਦਾ ਸਮਾਂ ਹੈ।

ਪਾਰਟੀ ਪ੍ਰਧਾਨ ਮਲਿਕਅਰਜਨ ਖੜਗੇ ਨੇ ਕਿਹਾ ਕਿ ਦੇਸ਼ 'ਚ ਨਫ਼ਰਤ ਦਾ ਮਾਹੌਲ ਹੈ। ਸਰਕਾਰ ਰੇਲ, ਤੇਲ, ਜੇਲ੍ਹ ਸਭ ਕੁਝ ਆਪਣੇ ਮਿੱਤਰਾਂ ਨੂੰ ਵੇਚ ਰਹੀ ਹੈ। ਦਿੱਲੀ ਸਰਕਾਰ 'ਚ ਬੈਠੇ ਲੋਕਾਂ ਦਾ ਡੀ ਐੱਨ ਏ ਗਰੀਬ ਵਿਰੋਧੀ ਹੈ। ਖੜਗੇ ਨੇ ਕਿਹਾ ਕਿ ਅੱਜ ਦੇਸ਼ ਸਭ ਤੋਂ ਮੁਸ਼ਕਲ ਚੁਣੌਤੀਆਂ 'ਚੋਂ ਲੰਘ ਰਿਹਾ ਹੈ। ਸੱਤਾ 'ਚ ਬੈਠੇ ਲੋਕਾਂ ਨੇ ਜਨਤਾ ਦੇ ਅਧਿਕਾਰਾਂ 'ਤੇ ਹਮਲਾ ਬੋਲ ਰੱਖਿਆ ਹੈ। ਇਸ ਲਈ ਅੱਜ ਇੱਕ ਨਵੇਂ ਅੰਦੋਲਨ ਦੀ ● ਬਾਕੀ ਸਫ਼ਾ 10 'ਤੇ

ਪ੍ਰਿਅੰਕਾ ਦਾ ਸ਼ਾਹੀ ਸਵਾਗਤ

ਰਾਏਪੁਰ : ਛਤੀਸਗੜ੍ਹ ਦੇ ਨਵਾਂ ਰਾਏਪੁਰ ਸ਼ਹਿਰ 'ਚ ਹੋ ਰਹੇ ਕਾਂਗਰਸ ਦੇ 85ਵੇਂ ਅਜਲਾਸ 'ਚ ਹਿੱਸਾ ਲੈਣ ਲਈ ਸ਼ਨੀਵਾਰ ਸਵੇਰੇ ਕਾਂਗਰਸ ਨੇਤਾ ਪ੍ਰਿਅੰਕਾ ਗਾਂਧੀ ਰਾਏਪੁਰ ਪਹੁੰਚੀ। ਪ੍ਰਿਅੰਕਾ ਗਾਂਧੀ ਦੇ ਸਵਾਗਤ 'ਚ ਰਾਏਪੁਰ ਦੇ ਹਵਾਈ ਅੱਡੇ ਦੇ ਸਾਹਮਣੇ ਦੋ ਕਿਲੋਮੀਟਰ ਤੱਕ ਸੜਕ 'ਤੇ ਕਾਲੀਨ ਦੀ ਤਰ੍ਹਾਂ 6000 ਕਿਲੋਗ੍ਰਾਮ ਤੋਂ ਜ਼ਿਆਦਾ ਗੁਲਾਬ ਦੀਆਂ ਪੱਤੀਆਂ ਦੀ ਮੋਟੀ ਪਰਤ ਵਿਛਾਈ ਗਈ। ਪ੍ਰਿਅੰਕਾ ਨੇ ਕਿਹਾ ਕਿ ਉਹ ਇਸ ਤਰ੍ਹਾਂ ਦਾ ਸਵਾਗਤ ਦੇਖ ਕੇ ਹੈਰਾਨ ਹੈ।

ਅਡਾਨੀ ਟਾਪ 30 ਅਮੀਰਾਂ ਦੀ ਲਿਸਟ 'ਚੋਂ ਬਾਹਰ

ਨਵੀਂ ਦਿੱਲੀ : ਹਿੰਡਨਬਰਗ ਰਿਸਰਚ ਰਿਪੋਰਟ ਜਾਰੀ ਹੋਣ ਦੇ ਮਹੀਨੇ ਅੰਦਰ ਹੀ ਅਡਾਨੀ ਨੂੰ ਤਗੜਾ ਝਟਕਾ ਲੱਗਾ ਹੈ ਅਤੇ ਹੁਣ ਉਹ ਦੁਨੀਆ ਦੇ ਅਰਬਪਤੀਆਂ ਦੀ ਲਿਸਟ 'ਚ ਟਾਪ 30 'ਚੋਂ ਵੀ ਬਾਹਰ ਹੋ ਚੁੱਕੇ ਹਨ। ਫੋਬਰਸ ਰੀਅਲ ਟਾਈਮ ਬਿਲੀਅਨੇਅਰਸ ਅਨੁਸਾਰ ਗੌਤਮ ਅਡਾਨੀ ਅਮੀਰਾ ਦੀ ਲਿਸਟ 'ਚ 33ਵੇਂ ਸਥਾਨ 'ਤੇ ਪਹੁੰਚ ਗਏ ਹਨ। ਜ਼ਿਕਰਯੋਗ ਹੈ ਕਿ ਮਹੀਨਾ ਪਹਿਲਾਂ ਗੌਤਮ ਅਡਾਨੀ ਇਸ ਲਿਸਟ 'ਚ ਟਾਪ 3 'ਚ ਸ਼ਾਮਲ ਸਨ। ਫੋਬਰਸ ਰੀਅਲ ਟਾਈਮ ਬਿਲੀਅਨੇਅਰਸ ਇੰਡੈਕਸ ਮੁਤਾਬਕ ਗੌਤਮ ਦੀ ਜਾਇਦਾਦ 35.3 ਅਰਬ ਡਾਲਰ ਰਹਿ ਗਈ ਹੈ। ਉਥੇ ਹੀ ਬਲੂਮਬਰਗ ਦੀ ਲਿਸਟ 'ਚ ਗੌਤਮ ਅਡਾਨੀ 25ਵੇਂ ਨੰਬਰ ਤੋਂ ਖਿਸਕ ਕੇ 30ਵੇਂ ਨੰਬਰ 'ਤੇ ਆ ਗਏ ਹਨ।

ਅੰਮ੍ਰਿਤਪਾਲ ਦਾ ਇੰਸਟਾਗ੍ਰਾਮ ਅਕਾਊਂਟ ਭਾਰਤ 'ਚ ਬੈਨ

ਚੰਡੀਗੜ੍ਹ : ਅਜਨਾਲਾ ਕਾਂਡ ਤੋਂ ਬਾਅਦ ਵਾਰਿਸ ਪੰਜਾਬ ਦੇ ਆਗੂ ਅੰਮ੍ਰਿਤਪਾਲ ਸਿੰਘ 'ਤੇ ਕਾਰਵਾਈ ਕਰਦਿਆਂ ਉਸ ਦਾ ਇੰਸਟਾਗ੍ਰਾਮ ਅਕਾਊਂਟ ਭਾਰਤ 'ਚ ਸ਼ਨੀਵਾਰ ਮੁੜ ਬੈਨ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਅੰਮ੍ਰਿਤਪਾਲ ਸਿੰਘ ਦਾ ਇੰਸਟਾਗ੍ਰਾਮ ਅਕਾਊਂਟ 28 ਦਸੰਬਰ ਨੂੰ ਬੈਨ ਕੀਤਾ ਗਿਆ ਸੀ, ਪਰ ਬਾਅਦ ਵਿੱਚ ਇਸ ਨੂੰ ਚਲਾ ਦਿੱਤਾ ਗਿਆ ਸੀ।

ਤਾਇਵਾਨ 'ਚ ਫੌਜੀਆਂ ਦੀ ਗਿਣਤੀ ਵਧਾ ਰਿਹਾ ਅਮਰੀਕਾ

ਵਾਸ਼ਿੰਗਟਨ : ਸਾਊਥ ਚਾਇਨਾ ਸਮੁੰਦਰ ਤਾਇਵਾਨ ਸਮੇਤ ਕਈ ਮੁੱਦਿਆਂ 'ਤੇ ਚੀਨ ਅਤੇ ਅਮਰੀਕਾ ਲੰਮੇ ਸਮੇਂ ਤੋਂ ਆਹਮੋ-ਸਾਹਮਣੇ ਦੀ ਸਥਿਤੀ 'ਚ ਹਨ। ਚੀਨ ਨਾਲ ਵਧਦੇ ਖ਼ਤਰੇ ਵਿਚਾਲੇ ਤਾਇਵਾਨ ਦੀ ਫੌਜ ਲਈ ਇੱਕ ਟਰੇਨਿੰਗ ਪ੍ਰੋਗਰਾਮ ਨੂੰ ਮਜ਼ਬੂਤ ਕਰਨ ਲਈ ਅਮਰੀਕਾ ਉਥੇ ਤਾਇਨਾਤ ਆਪਣੇ ਫੌਜੀਆਂ ਦੀ ਗਿਣਤੀ ਨੂੰ ਵਰਤਮਾਨ ਗਿਣਤੀ ਤੋਂ ਚਾਰ ਗੁਣਾਂ ਤੋਂ ਜ਼ਿਆਦਾ ਵਧਾ ਰਿਹਾ ਹੈ। ਅਮਰੀਕੀ ਅਧਿਕਾਰੀਆਂ ਮੁਤਾਬਕ ਅਮਰੀਕਾ ਨੇ ਆਉਣ ਵਾਲੇ ਮਹੀਨੇ 'ਚ ਦੀਪ 'ਤੇ 100 ਤੋਂ 200 ਫੌਜੀਆਂ ਨੂੰ ਤਾਇਨਾਤ ਕਰਨ ਦੀ ਯੋਜਨਾ ਬਣਾਈ ਹੈ, ਜੋ ਇੱਕ ਸਾਲ ਪਹਿਲਾਂ 30 ਸੀ। ਫੌਜੀਆਂ ਦੀ ਗਿਣਤੀ ਵਧਾਏ ਜਾਣ ਤੋਂ ਬਾਅਦ ਸਵਾਲ ਖੜ੍ਹੇ ਹੋ ਰਹੇ ਹਨ ਕਿ ਆਖਿਰ ਅਮਰੀਕਾ ਚੀਨ ਨੂੰ ਹੋਰ ਕਿਉਂ ਭੜਕਾ ਰਿਹਾ ਹੈ ਅਤੇ ਕੀ ਇਸ ਜ਼ਰੀਏ ਉਹ ਸੰਭਾਵਤ ਯੁੱਧ ਦੀ ਨੀਂਹ ਰੱਖ ਰਿਹਾ ਹੈ?

ਸੁਖਵਿੰਦਰ ਸੁੱਖੀ ਦੇ ਪਤੀ ਰਵਿੰਦਰ ਸਿੰਘ ਨਮਿਤ ਪਾਠ ਦਾ ਭੋਗ ਅੱਜ

ਜਲੰਧਰ (ਰਾਜੇਸ਼ ਬਾਬਾ)-ਮਰਹੂਮ ਰਵਿੰਦਰ ਸਿੰਘ ਨਮਿਤ ਪਾਠ ਦਾ ਭੋਗ 26 ਫਰਵਰੀ (ਐਤਵਾਰ) ਨੂੰ ਗੁਰਦੁਆਰਾ ਸੱਚਖੰਡ ਸਾਹਿਬ ਅਮਨ ਨਗਰ, ਸ਼ਹੀਦ ਬਾਬੂ ਲਾਭ ਸਿੰਘ ਨਗਰ, ਜਲੰਧਰ ਵਿਖੇ 12 ਤੋਂ 1 ਵਜੇ ਤੱਕ ਪਾਇਆ ਜਾਵੇਗਾ। ਜ਼ਿਕਰਯੋਗ ਹੈ ਕਿ 'ਨਵਾਂ ਜ਼ਮਾਨਾ' ਪਰਵਾਰ ਦੀ ਮੈਂਬਰ ਸੁਖਵਿੰਦਰ ਕੌਰ ਦੇ ਪਤੀ, ਜਿਨ੍ਹਾ ਦਾ ਪਿਛਲੇ ਦਿਨੀਂ ਦਿਲ ਦਾ ਦੌਰਾ ਪੈਣ ਨਾਲ ਦੇਹਾਂਤ ਹੋ ਗਿਆ ਸੀ। ਉਹਨਾ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਅਖੰਡ ਪਾਠ ਦਾ ਭੋਗ ਗੁਰਦੁਆਰਾ ਸਾਹਿਬ ਵਿਖੇ ਪਾਇਆ ਜਾਵੇਗਾ।

ਮੋਦੀ-ਆਰ ਐੱਸ ਐੱਸ ਦਾ ਰੱਥ ਬਿਹਾਰ ਹੀ ਰੋਕੇਗਾ : ਲਾਲੂ

ਨਵੀਂ ਦਿੱਲੀ : ਪੂਰਨੀਆ 'ਚ ਮਹਾਂਗਠਜੋੜ ਦੀ ਮਹਾਂਰੈਲੀ ਦੇ ਮੰਚ 'ਤੇ ਰਾਜਦ ਪ੍ਰਧਾਨ ਲਾਲੂ ਪ੍ਰਸਾਦ ਚਾਹੇ ਨਹੀਂ ਸਨ, ਪਰ ਸਾਲਾਂ ਬਾਅਦ ਲਾਲੂ ਨੂੰ ਵਰਚੁਅਲ ਸੁਨਣ ਵਾਲਿਆਂ ਤੋਂ ਉਤਸ਼ਾਹਤ ਸਨ। ਇਸੇ ਉਤਸ਼ਾਹ ਨੂੰ ਦੇਖਦੇ ਹੋਏ ਰਾਜਦ ਪ੍ਰਧਾਨ ਨੇ ਕਿਹਾ, ਖੁਸ਼ ਹੈ ਕਿ ਪੂਰਨੀਆ 'ਚ ਲੱਖਾਂ ਦੀ ਭੀੜ ਇਕੱਠੀ ਹੋਈ। ਲਾਲੂ ਪ੍ਰਸਾਦ ਯਾਦਵ ਨੇ ਕਿਹਾ ਕਿ ਅੱਜ ਦੇਸ਼ ਟੁਕੜੇ-ਟੁਕੜੇ ਹੋਣ ਦੀ ਕਗਾਰ 'ਤੇ ਪਹੁੰਚ ਚੁੱਕਾ ਹੈ, ਭਾਜਪਾਈਆਂ ਨੂੰ ਕੋਈ ਸ਼ਰਮ ਨਹੀਂ। ਆਪਣੇ ਅੰਦਾਜ਼ 'ਚ ਲਾਲੂ ਪ੍ਰਸਾਦ ਨੇ ਕਿਹਾ ਕਿ ਆਰ ਐੱਸ ਐੱਸ-ਭਾਜਪਾ ਦਾ ਰੱਥ ਉਦੋਂ ਵੀ ਬਿਹਾਰ 'ਚ ਰੋਕਿਆ ਗਿਆ ਸੀ, ਇਸ ਵਾਰ ਇਸ ਕੰਮ ਨੂੰ ਬਿਹਾਰ 'ਚ ਕੀਤਾ ਜਾਵੇਗਾ। ਲਾਲੂ ਨੇ ਸਭ ਤੋਂ ਪਹਿਲਾਂ ਭੀੜ ਨੂੰ ਲੈ ਕੇ ਕਿਹਾ ਕਿ ਇਹ ਇਕਜੁਟਤਾ ਇਹ ਪ੍ਰਮਾਣਿਤ ਕਰੇਗੀ ਕਿ ਭਵਿੱਖ 'ਚ ਜੋ ਲੋਕਸਭਾ ਚੋਣਾਂ ਹੋਣ ਵਾਲੀਆਂ ਹਨ, ਉਹ ਅਸੀਂ ਇਸ ਏਕਤਾ ਦੇ ਨਾਲ ਲੜਾਂਗੇ ਤਾਂ ਕਿ ਭਾਜਪਾ-ਆਰ ਐੱਸ ਐੱਸ ਦਾ ਸਫਾਇਆ ਹੋ ਜਾਵੇ। ਉਨ੍ਹਾ ਕਿਹਾ ਕਿ ਭਾਜਪਾ ਕੋਈ ਪਾਰਟੀ ਨਹੀਂ, ਆਰ ਐੱਸ ਐੱਸ ਦਾ ਮਖੌਟਾ ਹੈ। ਦੋਵੇਂ ਰਾਖਵਾਂਕਰਨ ਵਿਰੋਧੀ ਹਨ। ਦੇਸ਼ 'ਚ ਤਾਨਾਸ਼ਾਹ ਨਰੇਂਦਰ ਮੋਦੀ ਸਰਕਾਰ ਹੈ। ਇਸ 'ਚ ਅਸੀਂ ਸਾਰੇ ਦੇਸ਼ ਨੂੰ ਬਚਾਉਣ ਲਈ, ਲੋਕਤੰਤਰ ਨੂੰ ਬਚਾਉਣ, ਸੰਵਿਧਾਨ ਨੂੰ ਬਚਾਉਣ ਲਈ ਇਕਜੁੱਟ ਰਹਾਂਗੇ। ਲਾਲੂ ਪ੍ਰਸਾਦ ਨੇ ਕਿਹਾ ਕਿ ਬਿਹਾਰ ਪਰਿਵਰਤਨ ਕਰਦਾ ਹੈ ਤਾਂ ਦੇਸ਼ 'ਤੇ ਅਸਰ ਪੈਂਦਾ ਹੈ। ਲਾਲੂ ਨੇ ਕਿਹਾ ਕਿ ਅਸੀਂ ਅਤੇ ਨਿਤਿਸ਼ ਇੱਕ ਹੋ ਗਏ ਹਾਂ। ਕੋਈ ਭੁਲੇਖੇ 'ਚ ਨਾ ਰਹੇ। ਗਠਜੋੜ ਵਿਚਾਰਧਾਰਾ ਦਾ ਹੈ। ਅਸੀਂ 2024-25 ਦੀਆਂ ਚੋਣਾਂ 'ਚ ਇਸੇ ਏਕਤਾ ਨਾਲ ਰਿਕਾਰਡ ਤੋੜਾਂਗੇ।

ਪੈਟਰੋਲ ਪਾ ਕੇ ਸਾੜੀ ਪ੍ਰਿੰਸੀਪਲ ਨੇ ਦਮ ਤੋੜਿਆ, 5 ਦਿਨ ਮੌਤ ਨਾਲ ਲੜੀ

ਇੰਦੌਰ : ਇੰਦੌਰ ਦੇ ਪ੍ਰਾਈਵੇਟ ਫਾਰਮੇਸੀ ਕਾਲਜ 'ਚ ਸਾਬਕਾ ਵਿਦਿਆਰਥੀ ਵੱਲੋਂ ਪੰਜ ਦਿਨ ਪਹਿਲਾਂ ਅੱਗ ਲਾ ਕੇ ਸਾੜੀ 54 ਸਾਲਾ ਮਹਿਲਾ ਪ੍ਰਿੰਸੀਪਲ ਦੀ ਸ਼ਨੀਵਾਰ ਤੜਕੇ ਇਲਾਜ ਦੌਰਾਨ ਮੌਤ ਹੋ ਗਈ। ਸਿਮਰੋਲ ਥਾਣਾ ਖੇਤਰ 'ਚ ਸਥਿਤ ਬੀ ਐੱਮ ਕਾ

page-6-26-(FEB)-2023-G-(BV).qxd 2/25/2023 10:32 PM Page 1

ਇੰਟਰਨੈੱਟ 'ਤੇ ਵੱਧ ਤੋਂ ਵੱਧ ਸਮਗਰੀ ਪਾਉਣ ਨਾਲ ਪੰਜਾਬੀ ਭਾਸ਼ਾ ਦਾ ਵਧੇਰੇ ਵਿਕਾਸ ਸੰਭਵ : ਡਾ. ਕੰਬੋਜ

ਧੂਰੀ (ਸੁਖਦੇਵ ਧੂਰੀ)-ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਪ੍ਰਿੰਸੀਪਲ ਡਾ. ਪਰਮਜੀਤ ਕੌਰ ਦੀ ਅਗਵਾਈ ਵਿੱਚ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਨੂੰ ਸਮਰਪਤ "ਪੰਜਾਬੀ ਭਾਸ਼ਾ ਦੀ ਕੰਪਿਊਟਰਕਾਰੀ: ਸਥਿਤੀ, ਚੁਣੌਤੀਆਂ ਤੇ ਹੱਲ" ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ। ਲੈਕਚਰ ਦੇ ਮੁੱਖ ਬੁਲਾਰੇ ਤੇ ਮੁੱਖ ਮਹਿਮਾਨ ਵਜੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਡਾ. ਸੀ. ਪੀ. ਕੰਬੋਜ ਨੇ ਸ਼ਿਰਕਤ ਕੀਤੀ। ਡਾ. ਕੰਬੋਜ ਨੇ ਹੁਣ ਤੱਕ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਬਣੇ ਵੱਖ ਵੱਖ ਸਾਫ਼ਟਵੇਅਰ ਦੇ ਬਾਰੇ ਜ਼ਿਕਰ ਕਰਦੇ ਹੋਏ ਅੱਖਰ ਸਾਫ਼ਟਵੇਅਰ ਦੀ ਵਰਤੋਂ ਸਬੰਧੀ ਉਚੇਚੇ ਤੌਰ 'ਤੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾ ਰਵਾਇਤੀ ਪੰਜਾਬੀ ਫ਼ੌਂਟ ਤੇ ਯੂਨੀਕੋਡ ਵਿੱਚ ਅੰਤਰ ਦੱਸਦੇ ਹੋਏ ਯੂਨੀਕੋਡ ਦੀ ਮਹੱਤਤਾ ਦਾ ਉਲੇਖ ਕੀਤਾ ਤੇ ਕਿਹਾ ਯੂਨੀਕੋਡ ਦੇ ਆਉਣ ਨਾਲ ਹੀ ਖੇਤਰੀ ਭਾਸ਼ਾਵਾਂ ਇੰਟਰਨੈੱਟ ਉੱਤੇ ਆਈਆਂ ਹਨ।

ਉਨ੍ਹਾ ਨੇ ਕਿਹਾ ਕਿ ਜੇਕਰ ਯੂਨੀਕੋਡ ਵਿੱਚ ਪੰਜਾਬੀ ਲਿਖਤਾਂ ਨੂੰ ਵੱਧ ਤੋਂ ਵੱਧ ਇੰਟਰਨੈੱਟ 'ਤੇ ਪਾਇਆ ਜਾਵੇ ਤਾਂ ਸਾਡੀ ਭਾਸ਼ਾ ਦਾ ਵਿਕਾਸ ਹੋਰ ਵੀ ਸੰਭਵ ਹੋਵੇਗਾ। ਇਸ ਤਰ੍ਹਾਂ ਸਾਨੂੰ ਪੰਜਾਬੀ ਭਾਸ਼ਾ ਵਿੱਚ ਵਧੇਰੇ ਜਾਣਕਾਰੀ ਹਾਸਲ ਹੋਵੇਗੀ। ਇਸੇ ਤਰ੍ਹਾਂ ਸਰਕਾਰਾਂ ਨੂੰ ਵੀ ਪੰਜਾਬੀ ਭਾਸ਼ਾ ਦੀ ਕੰਪਿਊਟਰਕਾਰੀ ਲਈ ਸਾਫ਼ਟਵੇਅਰ ਤਿਆਰ ਕਰਨ ਲਈ ਫੰਡ ਰਾਖਵੇਂ ਰੱਖਣੇ ਚਾਹੀਦੇ ਹਨ।

ਪ੍ਰੋਗਰਾਮ ਦੇ ਅੰਤ 'ਚ ਮੁੱਖ ਬੁਲਾਰੇ ਤੇ ਕਾਲਜ ਸਟਾਫ਼ ਨੇ ਮਾਂ ਬੋਲੀ ਨਾਲ ਸਬੰਧਤ ਵੱਖ ਵੱਖ ਮੁਕਾਬਲਿਆਂ 'ਚ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ। ਪ੍ਰੋਗਰਾਮ ਸਮੇਂ ਸਟੇਜ ਸੰਚਾਲਕ ਦੀ ਭੂਮਿਕਾ ਰਜਿੰਦਰ ਸਿੰਘ ਨੇ ਨਿਭਾਈ। ਇਸ ਸਮੇਂ ਪੰਜਾਬੀ ਵਿਭਾਗ ਦੇ ਡਾ. ਸੁਖਜਿੰਦਰ ਰਿਸ਼ੀ, ਰਜਿੰਦਰ ਸਿੰਘ, ਜਗਤਾਰ ਸਿੰਘ, ਡਾ. ਕੁਲਵਿੰਦਰ ਸਿੰਘ, ਸੁਖਵਿੰਦਰ ਕੌਰ, ਚੇਤਨ ਕੁਮਾਰ ਤੇ ਕਰਨੈਲ ਸਿੰਘ ਤੋਂ ਇਲਾਵਾ ਸਮੂਹ ਸਟਾਫ਼ ਮੌਜੂਦ ਸੀ।

ਪੰਜਾਬੀ 'ਵਰਸਿਟੀ ਕੈਂਪਸ ਵੱਲੋਂ ਸਾਲਾਨਾ ਅਥਲੈਟਿਕ ਮੀਟ

ਤਲਵੰਡੀ ਸਾਬੋ (ਜਗਦੀਪ ਗਿੱਲ)-ਪੰਜਾਬੀ ਯੂਨੀਵਰਸਿਟੀ ਗੁਰੂ ਕਾਸੀ ਕੈਂਪਸ ਦਮਦਮਾ ਸਾਹਿਬ ਦੇ ਸੋਸ਼ਲ ਸਾਇੰਸਜ਼ ਵਿਭਾਗ, ਭਾਸ਼ਾਵਾਂ ਵਿਭਾਗ, ਬਿਜ਼ਨੈੱਸ ਸਟੱਡੀਜ਼ ਵਿਭਾਗ, ਯਾਦਵਿੰਦਰਾ ਇੰਜਨੀਅਰਿੰਗ ਵਿਭਾਗ ਤੇ ਯਾਦਵਿੰਦਰਾ ਸਾਇੰਸਜ਼ ਵਿਭਾਗ ਨੇ 23 ਫਰਵਰੀ ਨੂੰ ਸਾਂਝੇ ਤੌਰ ਤੇ ਸਲਾਨਾ ਐਥਲੈਟਿਕ ਮੀਟ ਕਰਵਾਈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਡੀਨ ਅਕਾਦਮਿਕ ਮਾਮਲੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਪ੍ਰੋਫ਼ੈਸਰ (ਡਾ.) ਅਸ਼ੋਕ ਕੁਮਾਰ ਤਿਵਾੜੀ ਵਿਸੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਵਿਦਿਆਰਥੀਆਂ ਦਾ ਮਾਰਚ-ਪਾਸਟ ਲਿਆ ਅਤੇ ਝੰਡਾ ਲਹਿਰਾਉਣ ਦੀ ਰਸਮ ਉਪਰੰਤ ਅਥਲੈਟਿਕ ਮੀਟ ਸ਼ੁਰੂ ਕਰਨ ਦੇ ਐਲਾਨ ਨਾਲ ਰਸਮੀ ਉਦਘਾਟਨ ਹੋਇਆ।

ਉਨ੍ਹਾਂ ਦੱਸਿਆ ਕਿ ਇੱਕ ਚੰਗੇ ਨਾਗਰਿਕ ਬਨਣ ਲਈ ਲੋੜੀਂਦਾ ਅਨੁਸ਼ਾਸਨ ਤੇ ਆਪਸੀ ਸਹਿਯੋਗ ਬਨਾਉਣ ਵਿੱਚ ਖੇਡਾਂ ਦਾ ਕਿੰਨਾ ਅਹਿਮ ਯੋਗਦਾਨ ਹੈ। ਇਸ ਤੋਂ ਪਹਿਲਾਂ ਕੈਂਪਸ ਡਾਇਰੈਕਟਰ ਪ੍ਰੋਫੈਸਰ (ਡਾ.) ਜਸਬੀਰ ਸਿੰਘ ਹੁੰਦਲ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਕਿਹਾ ਅਤੇ ਆਪਣੇ ਉਦਘਾਟਨੀ ਭਾਸਣ ਵਿੱਚ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੁੜਨ ਅਤੇ ਨਸ਼ਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਦਿੰਦੇ ਹੋਏ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਡਾ. ਕੁਮਾਰ ਸੁਸ਼ੀਲ ਮੁਖੀ ਭਾਸ਼ਾਵਾਂ ਵਿਭਾਗ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਡਾ. ਗੁਰਦੀਪ ਸਿੰਘ ਫਿਜੀਕਲ ਵਿਭਾਗ ਵੱਲੋਂ ਪਿਛਲੇ ਇੱਕ ਸਾਲ ਦੌਰਾਨ ਦੀਆਂ ਖੇਡ ਪ੍ਰਾਪਤੀਆਂ ਸਬੰਧੀ ਸਾਲਾਨਾ ਰਿਪੋਰਟ ਪੇਸ਼ ਕੀਤੀ। ਡਾ. ਅਮਨਦੀਪ ਸਿੰਘ ਸੇਖੋਂ ਮੁਖੀ ਸੋਸ਼ਲ ਸਾਇੰਸਜ਼ ਵਿਭਾਗ ਨੇ ਸਹਿਯੋਗ ਲਈ ਧੰਨਵਾਦੀ ਮਤਾ ਪੇਸ਼ ਕੀਤਾ।

ਇਸ ਮੌਕੇ ਬਾਕੀ ਵਿਭਾਗਾਂ ਦੇ ਮੁਖੀ ਸਹਿਬਾਨ ਡਾ. ਅੰਜੂ ਸੈਣੀ, ਡਾ. ਸਿੰਪਲ ਜਿੰਦਲ, ਡਾ. ਨਰਿੰਦਰ ਕੌਰ ਤੇ ਸਪੋਰਟਸ ਕਲੱਬ ਦੇ ਪ੍ਰਧਾਨ ਡਾ. ਸੁਖਪਾਲ ਸਿੰਘ ਚੱਠਾ ਤੋਂ ਇਲਾਵਾ ਸਮੂਹ ਫੈਕਲਟੀ ਅਤੇ ਸਟਾਫ਼ ਹਾਜ਼ਰ ਸਨ। ਇਸ ਮੌਕੇ ਕਰਵਾਏ ਵੱਖ ਵੱਖ ਮੁਕਾਬਲਿਆਂ ਵਿੱਚ ਜਗਸੀਰ ਸਿੰਘ, ਸੁਮਨਦੀਪ ਕੌਰ, ਧੀਰਜ ਕੁਮਾਰ, ਮਨਪ੍ਰੀਤ ਕੌਰ, ਕੁਲਵਿੰਦਰ ਸਿੰਘ, ਰਿਕੂ ਰਾਮ, ਭੁਪਿੰਦਰ ਕੌਰ, ਰਵੀ, ਸਰਬੀਤ ਕੌਰ, ਗੁਰਸਿਮਰਨ ਸਿੰਘ ਤੇ ਸਰਬਜੀਤ ਕੌਰ ਨੇ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕੀਤੀਆਂ। ਇਨ੍ਹਾਂ ਤੋਂ ਇਲਾਵਾ ਰੱਸਾਕਸ਼ੀ ਤੇ ਸਟਾਫ ਦੇ100 ਮੀਟਰ ਦੌੜ ਮੁਕਾਬਲੇ ਵਿੱਚ ਰਮਨਜੀਤ ਸਿੰਘ ਸੀਨੀਅਰ ਸਹਾਇਕ ਨੇ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ। ਲੜਕਿਆਂ ਵਿੱਚੋਂ ਕੁਲਵਿੰਦਰ ਸਿੰਘ ਬੀ ਏ ਭਾਗ ਦੂਜਾ ਨੂੰ ਸਰਵੋਤਮ ਖਿਡਾਰੀ ਤੇ ਲੜਕੀਆਂ ਵਿੱਚੋਂ ਸਰਬਜੀਤ ਕੌਰ ਬੀ ਏ ਭਾਗ ਤੀਜਾ ਨੂੰ ਸਰਵੋਤਮ ਖਿਡਾਰਨ ਐਲਾਨਿਆ ਗਿਆ। ਭਾਸ਼ਾਵਾਂ ਵਿਭਾਗ ਤੇ ਸੋਸ਼ਲ ਸਾਇੰਸਜ਼ ਵਿਭਾਗ ਦੇ ਵਿਦਿਆਰਥੀਆਂ ਨੇ ਓਵਰਆਲ ਟਰਾਫੀ ਜਿੱਤੀ। ਇਸ ਮੌਕੇ ਜੇਤੂਆਂ ਨੂੰ ਤਮਗੇ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਡਾ. ਮਨਮਿੰਦਰ ਕੌਰ, ਪ੍ਰੋ. ਹਰਵਿੰਦਰ ਸਿੰਘ ਤੇ ਸਤਿਨਾਮ ਸਿੰਘ ਨੇ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ।

ਗੁ. ਸ਼ਹੀਦ ਬਾਬਾ ਮੱਲ੍ਹਾ ਜੀ ਵਿਖੇ ਫ੍ਰੀ ਦਸਤਾਰ ਸਿਖਲਾਈ ਕੈਂਪ ਲਗਾਇਆ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਥਾਨਕ ਕਸਬੇ ਦੇ ਨਜ਼ਦੀਕ ਪਿੰਡ ਕਲਾਂ ਵਿਖੇ ਗੁਰਦੁਆਰਾ ਸ਼ਹੀਦ ਬਾਬਾ ਮੱਲ੍ਹਾ ਜੀ ਦੇ ਸਥਾਨ ਵਿਖੇ ਇੰਟਰਨੈਸ਼ਨਲ ਦਸਤਾਰ ਕੋਚ ਗੁਰਜੀਤ ਸਿੰਘ ਸ਼ਾਹਪੁਰੀਆਂ ਵੱਲੋਂ ਫਰੀ ਦਸਤਾਰ ਸਿਖਲਾਈ ਕੈਂਪ ਲਗਾਇਆ ਗਿਆ।

ਇਸ ਕੈਂਪ ਵਿਚ ਭਾਈ ਹਰਪ੍ਰੀਤ ਸਿੰਘ ਨਿਊਜ਼ੀਲੈਂਡ ਨੇ ਆਪ ਹੱਥੀਂ ਸੇਵਾ ਕਰਕੇ 160 ਦਸਤਾਰਾਂ ਸੰਗਤਾਂ ਨੂੰ ਵੰਡੀਆਂ। ਕੈਂਪ ਵਿੱਚ 400 ਦੇ ਕਰੀਬ ਸਿੰਘਾਂ ਨੂੰ ਦਸਤਾਰਾਂ ਸਜਾਈਆਂ ਗਈਆਂ , ਜਿਸ ਦੌਰਾਨ 8 ਪ੍ਰਾਣੀਆਂ ਨੇ ਕੇਸ ਅਤੇ ਦਾੜ੍ਹੀ ਰੱਖਣ ਦਾ ਪ੍ਰਣ ਲਿਆ। ਇਸ ਮੌਕੇ ਇੰਟਰਨੈਸ਼ਨਲ ਦਸਤਾਰ ਕੋਚ ਗੁਰਜੀਤ ਸਿੰਘ ਸ਼ਾਹਪੁਰੀਆ, ਲਵਪ੍ਰੀਤ ਸਿੰਘ, ਪ੍ਰਭਜੀਤ ਸਿੰਘ, ਗੁਰਜੰਟ ਸਿੰਘ ਅੰਮ੍ਰਿਤਸਰ, ਸਾਹਿਬਜੀਤ ਸਿੰਘ, ਪਰਤਾਪ ਸਿੰਘ, ਜੱਗੀ ਆਦਿ ਕੋਚਾਂ ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਦਸਤਾਰਾਂ ਅਤੇ ਦੁਮਾਲੇ ਸਜਾਏ ਗਏ। ਇਸ ਕੈਂਪ ਮੌਕੇ ਗਗਨਦੀਪ ਸਿੰਘ, ਰੁਬਲਵੀਰ ਸਿੰਘ, ਗੁਰਪ੍ਰੀਤ ਸਿੰਘ, ਰੋਬਿਨ ਸਿੰਘ, ਤਾਜਬੀਰ ਸਿੰਘ ਆਦਿ ਵੀਰਾਂ ਦਾ ਵਿਸ਼ੇਸ਼ ਸਹਿਯੋਗ ਰਿਹਾ।

ਪੰਜਾਬ ਕੋ-ਐਜੂਕੇਸ਼ਨ ਸਕੂਲ 'ਚ ਮਨਾਇਆ ਕੌਮਾਂਤਰੀ ਮਾਤ-ਭਾਸ਼ਾ ਦਿਵਸ

ਬਾਘਾ ਪੁਰਾਣਾ (ਮਨੀ ਸਿੰਗਲਾ)-ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਵਿਖੇ ਕੌਮਾਂਤਰੀ ਮਾਤ-ਭਾਸ਼ਾ ਦਿਵਸ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਦੀ ਅਗਵਾਈ ਪ੍ਰਿੰਸੀਪਲ ਸ੍ਰ. ਗੁਰਦੇਵ ਸਿੰਘ, ਮੈਡਮ ਪਰਮਿੰਦਰ ਕੌਰ, ਡਾਇਰੈਕਟਰ ਸ਼੍ਰੀ ਸੰਦੀਪ ਮਹਿਤਾ, ਕੋ-ਆਰਡੀਨੇਟਰ ਸ਼੍ਰੀ ਮੁਕੇਸ਼ ਅਰੋੜਾ ਤੇ ਕੋ-ਆਰਡੀਨੇਟਰ ਮੈਡਮ ਦੀਪਿਕਾ ਮਨਚੰਦਾ ਨੇ ਕੀਤੀ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਪੰਜਾਬੀ ਮਾਂ-ਬੋਲੀ ਦਾ ਮਹੱਤਵ ਦਰਸਾਉਂਦੀਆਂ ਕਵਿਤਾਵਾਂ, ਭਾਸ਼ਣ, ਗੀਤ ਤੇ ਨਾਟਕ ਪੇਸ਼ ਕੀਤੇ ਗਏ। ਸਕੂਲ ਦੀ ਦਸਵੀਂ ਸ਼੍ਰੇਣੀ ਦੇ ਵਿਦਿਆਰਥੀ ਗੁਰਪ੍ਰੀਤ ਵੱਲੋਂ 'ਪੰਜਾਬੀਏ ਜ਼ੁਬਾਨੇ ਨੀਂ ਰਕਾਨੇ' ਗੀਤ ਬਹੁਤ ਸੋਹਣੇ ਅੰਦਾਜ਼ 'ਚ ਪੇਸ਼ ਕੀਤਾ ਗਿਆ। ਲੜਕੀਆਂ ਵੱਲੋਂ ਗੁਰਮੁੱਖੀ ਵਿਸ਼ੇ 'ਤੇ ਅਧਾਰਤ ਨਾਟਕ ਪੇਸ਼ ਕੀਤਾ ਗਿਆ। ਇਸ ਤੋਂ ਇਲਾਵਾ ਮਨਜੋਤ ਕੌਰ, ਰਾਜਦੀਪ ਕੌਰ ਵੱਲੋਂ ਕੌਮਾਂਤਰੀ ਮਾਤ-ਭਾਸ਼ਾ ਦਿਵਸ ਦਾ ਇਤਿਹਾਸ ਦੱਸਦੇ ਹੋਏ ਭਾਸ਼ਣ ਦਿੱਤਾ ਗਿਆ।

ਵਿਦਿਆਰਥੀ ਜਪਜੀਤ ਸਿੰਘ ਤੇ ਦੀਪਾਂਸ਼ੂ ਨੇ ਪੰਜਾਬੀ ਭਾਸ਼ਾ ਦੀ ਮਹੱਤਤਾ ਦੱਸਦੇ ਹੋਏ ਆਪਣੇ ਵਿਚਾਰ ਸਾਂਝੇ ਕੀਤੇ। ਮਹਿਕਦੀਪ ਕੌਰ ਨੇ ਗੁਰਮੁੱਖੀ ਲਿਪੀ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸੰਸਥਾ ਦੇ ਪ੍ਰਿੰਸੀਪਲ ਗੁਰਦੇਵ ਸਿੰਘ ਨੇ ਵਿਦਿਆਰਥੀਆਂ ਨਾਲ ਮਾਂ-ਬੋਲੀ ਪੰਜਾਬੀ ਦੇ ਮਹੱਤਵ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਡਾਇਰੈਕਟਰ ਸੰਦੀਪ ਮਹਿਤਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕੌਮਾਂਤਰੀ ਮਾਤ-ਭਾਸ਼ਾ ਦਿਵਸ ਦੇ ਇਤਿਹਾਸ ਬਾਰੇ ਚਾਨਣਾ ਪਾਇਆ। ਉਨ੍ਹਾ ਨੇ ਵਿਦਿਆਰਥੀਆਂ ਨੂੰ ਪੜ੍ਹ-ਲਿਖ ਕੇ ਉੱਚੀਆਂ ਮੰਜ਼ਿਲਾਂ ਪ੍ਰਾਪਤ ਕਰਕੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸੇਵਾ ਕਰਨ ਦਾ ਉਪਦੇਸ਼ ਦਿੱਤਾ।

ਕੋ-ਆਰਡੀਨੇਟਰ ਮੁਕੇਸ਼ ਅਰੋੜਾ ਵਿਦਿਆਰਥੀਆਂ ਨੂੰ ਦੱਸਿਆ ਕਿ ਅਸੀਂ ਆਪਣੇ ਮਨ ਦੇ ਵਿਚਾਰ ਆਪਣੀ ਮਾਤ-ਭਾਸ਼ਾ ਵਿੱਚ ਹੀ ਦੂਜਿਆਂ ਨਾਲ ਵਧੀਆ ਤਰੀਕੇ ਨਾਲ ਸਾਂਝੇ ਕਰ ਸਕਦੇ ਹਾਂ। ਸਟੇਜ ਸੰਚਾਲਨ ਦੀ ਭੂਮਿਕਾ ਮੈਡਮ ਨਵਜੋਤ ਕੌਰ ਤੇ ਮੈਡਮ ਹਰਦੀਪ ਕੌਰ ਵੱਲੋਂ ਨਿਭਾਈ ਗਈ।

ਵਿਦਿਆਰਥੀਆਂ ਵੱਲੋਂ ਇਸ ਮੌਕੇ ਪੇਸ਼ ਕੀਤੇ ਗਏ ਨਾਟਕ, ਕਵਿਤਾਵਾਂ ਆਦਿ ਦੀ ਤਿਆਰੀ ਪੰਜਾਬੀ ਵਿਸ਼ੇ ਨਾਲ ਸੰਬੰਧਤ ਅਧਿਆਪਕਾਂ ਵੱਲੋਂ ਕਰਵਾਈ ਗਈ। ਇਸ ਮੌਕੇ ਸਕੂਲ ਦੇ ਸਮੁੱਚੇ ਅਧਿਆਪਕ ਸਾਹਿਬਾਨ ਮੌਜੂਦ ਸਨ।

ਟਾਟਾ ਏ ਆਈ ਏ ਏ ਫਾਰਚਿਊਨ ਗਾਰੰਟੀ ਸੁਪਰੀਮ ਪਲਾਨ ਲਾਂਚ

ਅੰਮ੍ਰਿਤਸਰ : ਟਾਟਾ ਏਆਈਏ ਲਾਈਫ ਇੰਸ਼ੋਰੈਂਸ ਕੰਪਨੀ ਲਿਮਿਟਡ (ਟਾਟਾ ਏਆਈਏ), ਭਾਰਤ ਦੀ ਇੱਕ ਪ੍ਰਮੁੱਖ ਬੀਮਾ ਕੰਪਨੀ ਨੇ ਟਾਟਾ ਏਆਈਏ ਫਾਰਚਿਊਨ ਗਾਰੰਟੀ ਸੁਪਰੀਮ ਪਲਾਨ ਲਾਂਚ ਕੀਤਾ ਹੈ। ਇਹ ਇੱਕ ਗੈਰ-ਲਿੰਕਡ ਗੈਰ-ਭਾਗੀਦਾਰੀ, ਗਾਰੰਟੀਸ਼ੁਦਾ ਬੱਚਤ ਯੋਜਨਾ ਹੈ।

ਇਸ ਯੋਜਨਾ ਵਿੱਚ ਨਿਵੇਸ਼ ਦੇ ਪਹਿਲੇ ਮਹੀਨੇ ਤੋਂ ਨਿਯਮਤ ਗਾਰੰਟੀਸ਼ੁਦਾ ਆਮਦਨ ਦੇ ਨਾਲ ਜੀਵਨ ਬੀਮਾ ਕਵਰ ਵੀ ਦਿੱਤਾ ਜਾਂਦਾ ਹੈ। ਯੋਜਨਾ ਵਿੱਚ ਕਈ ਲਾਭ ਸ਼ਾਮਲ ਹਨ: ਨਿਵੇਸ਼ਕ ਦੇ ਜੀਵਨ ਵਿੱਚ ਵਿਸ਼ੇਸ਼ ਦਿਨਾਂ 'ਤੇ ਵਿਆਜ ਕਮਾਉਣ ਲਈ ਇੱਕ ਵਿਲੱਖਣ ਉਪ-ਵਾਲਿਟ ਸਹੂਲਤ ਦੁਆਰਾ ਨਿਵੇਸ਼ ਵਫਾਦਾਰੀ ਜੋੜਾਂ ਦੇ ਪਹਿਲੇ ਮਹੀਨੇ ਤੋਂ ਗਾਰੰਟੀਸ਼ੁਦਾ ਆਮਦਨੀ ਦੀ ਚੋਣ ਕੀਤੀ ਜਾ ਸਕਦੀ ਹੈ।

ਸਕੀਮ ਦੀ ਸ਼ੁਰੂਆਤ 'ਤੇ ਬੋਲਦੇ ਹੋਏ ਸੁਮਿਤ ਉਪਾਧਿਆਏ ਪ੍ਰਧਾਨ ਅਤੇ ਮੁੱਖ ਵਿੱਤੀ ਅਧਿਕਾਰੀ, ਉਤਪਾਦ ਹੈੱਡ, ਟਾਟਾ ਏਆਈਏ ਨੇ ਕਿਹਾ ਕਿ ਅੱਜ ਅਸੀਂ ਇੱਕ ਅਜਿਹੀ ਦੁਨੀਆ ਵਿੱਚ ਰਹਿੰਦੇ ਹਾਂ ਜਿੱਥੇ ਸਾਨੂੰ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਆਪਣੀ ਯਾਤਰਾ ਵਿੱਚ ਕਈ ਅਨਿਸ਼ਚਿਤਤਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਆਰ ਸੇਟੀ ਵਿਖੇ ਬਿਊਟੀ ਪਾਰਲਰ ਮੈਨੇਜਮੈਂਟ ਦਾ ਮੁਫ਼ਤ ਕੋਰਸ ਅੱਜ ਤੋਂ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਜ਼ਿਲ੍ਹਾ ਪ੍ਰੀਸ਼ਦ ਭਵਨ, ਹੁਸ਼ਿਆਰਪੁਰ ਦੇ ਸਾਹਮਣੇ ਸਿਵਲ ਲਾਈਨਜ਼ ਵਿਖੇ ਸਥਿਤ ਪੀ.ਐਨ.ਬੀ. ਆਰ ਸੇਟੀ (ਪੇਂਡੂ ਸਵੈ ਰੋਜ਼ਗਾਰ ਟ੍ਰੇਨਿੰਗ ਸੰਸਥਾ) ਵਲੋਂ 26 ਫਰਵਰੀ ਤੋਂ 30 ਦਿਨਾਂ ਦਾ ਬਿਊਟੀ ਪਾਰਲਰ ਮੈਨੇਜਮੈਂਟ ਦਾ ਮੁਫ਼ਤ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਡਾਇਰੈਕਟਰ ਰਜਿੰਦਰ ਕੁਮਾਰ ਭਾਟੀਆ ਨੇ ਦੱਸਿਆ ਕਿ ਚਾਹਵਾਨ ਉਮੀਦਵਾਰ ਆਧਾਰ ਕਾਰਡ ਦੀ ਕਾਪੀ, 2 ਪਾਸਪੋਰਟ ਸਾਈਜ਼ ਫੋਟੋ, ਵਿਦਿਆਕ ਯੋਗਤਾ ਸਰਟੀਫਿਕੇਟਾਂ ਦੀਆਂ ਕਾਪੀਆਂ ਅਤੇ ਐਸ.ਸੀ / ਬੀ.ਪੀ.ਐਲ ਸਰਟੀਫਿਕੇਟ, ਜੇਕਰ ਕੋਈ ਹੋਵੇ ਤਾਂ 26 ਫਰਵਰੀ ਨੂੰ ਜਾਂ ਇਸ ਤੋਂ ਪਹਿਲਾਂ ਇੰਸਟੀਚਿਊਟ ਵਿਖੇ ਆ ਕੇ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਹ ਸਿਖਲਾਈ ਬਿਲਕੁਲ ਮੁਫਤ ਹੈ, ਸਗੋਂ ਇੰਸਟੀਚਿਊਟ ਵਿੱਚ ਬਿਨਾਂ ਕਿਸੇ ਫੀਸ ਦੇ ਦੁਪਹਿਰ ਦਾ ਖਾਣਾ ਅਤੇ ਚਾਹ ਦਿੱਤੀ ਜਾਂਦੀ ਹੈ। ਸਿਖਲਾਈ ਤੋਂ ਬਾਅਦ ਸਿਖਿਆਰਥੀਆਂ ਨੂੰ ਇਕ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ ਅਤੇ ਸਿਖਿਆਰਥੀਆਂ ਨੂੰ ਕਰਜ਼ੇ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਵੀ ਹਰ ਸੰਭਵ ਮਦਦ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਵਧੇਰੇ ਜਾਣਕਾਰੀ ਲਈ ਟੈਲੀਫੋਨ ਨੰ: 01882-295880 ਜਾਂ 98727-59614, 94632-84447, 89688-46446 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

Court Notice

In the Court of
Sh. Tarunpreet Singh
Judicial Magistrate 1st. Class, Ludhiana
CNR No. PBLD03-024190-2019
Next Date : 27-03-2023
Coma No. 24101/2019
IDFC First Bank Limited
Vs
GS Trading Exports

Publication issued to : 1. G.S. Trading Exports, House No 11987, Ward No. 5, St. No. 3 Attal Nagar, Jodhewal, Ludhiana through its Prop/Authorised Signatory/ MD/ Partner 2. Gurdeep Singh R/o H.No. 11987, Ward No. 5, St. No. 3, Attal Nagar, Jodhewal, Ludhiana

In above titled case, the accused could not be served. It is ordered that accused should appear in person or through counsel on 27.3.2023 at 10.00 a.m.

For details logon to https://highcourtchd.gov.in/?trs=district notice&district=Ludhiana

Judicial Magistrate 1st. Class, Ludhiana

Dated, this day of 20.2.2023

ਕਲਾਸੀਫਾਈਡ ਇਸ਼ਤਿਹਾਰ

ਆਮ ਸੂਚਨਾ

ਟਿਊਬਵੈੱਲ ਕੁਨੈਕਸ਼ਨ ਨੰਬਰ ਏ.ਪੀ 66/829 ਪੰਜ ਹਾਰਸ ਪਾਵਰ ਗੁਰਦੀਪ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਸ਼ਿਕਾਰ

26-Feb-PAGE-7.qxd 2/25/2023 10:27 PM Page 1

ਨਿਵੇਸ਼ ਲਈ ਤੁਸੀਂ ਇਰਾਦਾ ਬਣਾਓ, ਪੰਜਾਬ ਸਰਕਾਰ ਸਹਿਯੋਗ ਲਈ ਤਿਆਰ : ਅਮਨ ਅਰੋੜਾ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਦੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਅਮਨ ਅਰੋੜਾ ਨੇ ਨਿਵੇਸ਼ਕਾਂ ਨੂੰ ਸੂਬੇ ਵਿੱਚ ਨਿਵੇਸ਼ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਪੰਜਾਬ ਵਿੱਚ ਦੇਸ਼ ਭਰ ਦੇ ਟੈਕਸਟਾਈਲ ਅਤੇ ਐਪਰਲ ਉਤਪਾਦਨ ਵਿੱਚ ਮੋਹਰੀ ਸੂਬਾ ਬਣਨ ਦੀ ਅਥਾਹ ਸੰਭਾਵਨਾਵਾਂ ਹਨ ਕਿਉਂਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਉਦਯੋਗਾਂ ਦਾ ਸਮਰਥਨ ਕਰ ਰਹੀ ਹੈ। ਇੱਥੇ ਇੰਡੀਆ ਸਕੂਲ ਆਫ਼ ਬਿਜਨਸ (ਆਈ.ਐਸ.ਬੀ.), ਐਸ.ਏ.ਐਸ. ਨਗਰ (ਮੋਹਾਲੀ) ਵਿਖੇ 5ਵੇਂ ਪ੍ਰੋਗਰੈਸਿਵ ਪੰਜਾਬ ਇਨਵੈਸਟਰਜ ਸਮਿੱਟ 2023 ਦੇ ਦੂਜੇ ਦਿਨ "ਪੰਜਾਬ ਵਿੱਚ ਟੈਕਸਟਾਈਲ- ਨੀਤੀ, ਬੁਨਿਆਦੀ ਢਾਂਚਾ, ਲਿੰਕੇਜ ਅਤੇ ਰੁਝਾਨ" ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਅਮਨ ਅਰੋੜਾ ਨੇ ਉਦਯੋਗਪਤੀਆਂ ਨੂੰ ਪ੍ਰਸ਼ਨਲਾਈਜ਼ਡ ਟਾਸਕ ਫੋਰਸ ਸਮੇਤ ਹਰ ਤਰ੍ਹਾਂ ਦੀ ਸਹਾਇਤਾ ਦੇਣ ਦੀ ਪੇਸ਼ਕਸ਼ ਕੀਤੀ। ਉਨ੍ਹਾਂ ਦੱਸਿਆ ਕਿ ਉਦਯੋਗਪਤੀ ਇੱਕ ਟਾਸਕ ਫੋਰਸ ਬਣਾ ਸਕਦੇ ਹਨ, ਜਿਸ ਵਿੱਚ ਉਹ ਆਪਣੀ ਮਰਜੀ ਅਨੁਸਾਰ ਸਰਕਾਰੀ ਅਧਿਕਾਰੀਆਂ ਨੂੰ ਚੁਣ ਸਕਦੇ ਹਨ, ਤਾਂ ਜੋ ਉਨ੍ਹਾਂ ਦੇ ਮਸਲੇ ਜਲਦੀ ਹੱਲ ਕੀਤੇ ਜਾ ਸਕਣ। ਉਨ੍ਹਾਂ ਭਰੋਸਾ ਦਿੱਤਾ ਕਿ ਉਦਯੋਗਾਂ ਦੀ ਮੰਗ ਅਨੁਸਾਰ ਪਾਣੀ ਦੇ ਖਰਚੇ ਵੀ ਘਟਾਏ ਜਾਣਗੇ। ਉਨ੍ਹਾਂ ਨੇ ਸਨਅਤਕਾਰਾਂ ਨੂੰ ਅਪੀਲ ਕੀਤੀ ਕਿ ਉਹ ਸੂਬੇ ਵਿੱਚ ਉਦਯੋਗਿਕ ਕ੍ਰਾਂਤੀ ਲਈ ਆਪਣੇ ਵਿਚਾਰ ਪੇਸ਼ ਕਰਨ ਅਤੇ ਮਾਨ ਸਰਕਾਰ ਇਨ੍ਹਾਂ ਵਿਚਾਰਾਂ ਦਾ ਸਵਾਗਤ ਕਰੇਗੀ।ਅਰੋੜਾ ਨੇ ਕਿਹਾ ਕਿ ਇਹ ਸੰਮੇਲਨ ਸੂਬੇ ਵਿੱਚ ਨਿਵੇਸ਼ ਨੂੰ ਵੱਡਾ ਹੁਲਾਰਾ ਦੇਵੇਗਾ, ਜਿਸ ਨਾਲ ਉਦਯੋਗਿਕ ਵਿਕਾਸ ਨੂੰ ਨਵੀਆਂ ਲੀਹਾਂ 'ਤੇ ਲਿਜਾਣ ਵਿੱਚ ਮਦਦ ਮਿਲੇਗੀ। ਪੰਜਾਬ ਸਰਕਾਰ ਦੇ ਪਾਰਦਰਸ਼ੀ ਅਤੇ ਇਮਾਨਦਾਰ ਸਾਸ਼ਨ ਦੇ ਮਾਡਲ ਕਾਰਨ ਪੰਜਾਬ ਨਿਵੇਸ਼ ਲਈ ਸਭ ਤੋਂ ਪਸੰਦੀਦਾ ਸਥਾਨ ਵਜੋਂ ਉਭਰਿਆ ਹੈ। ਉਨ੍ਹਾਂ ਕਿਹਾ ਕਿ ਉਦਯੋਗਾਂ ਨੂੰ ਸਿਰਫ ਸਪੋਰਟਿਵ ਪ੍ਰਣਾਲੀ ਅਤੇ ਅਨੁਕੂਲ ਵਾਤਾਵਰਣ ਚਾਹੀਦਾ ਹੈ ਅਤੇ ਮਾਨ

ਸਰਕਾਰ ਪਹਿਲਾਂ ਹੀ ਉਦਯੋਗਾਂ ਨੂੰ ਸਾਜਗਾਰ ਮਾਹੌਲ ਅਤੇ ਹੁਨਰਮੰਦ ਕਿਰਤੀ ਮੁਹੱਈਆ ਕਰਵਾਉਣ ਦੇ ਨਾਲ-ਨਾਲ ਕਾਰੋਬਾਰ ਕਰਨ ਦੀ ਸੌਖ ਨੂੰ ਯਕੀਨੀ ਬਣਾਉਣ ਲਈ ਠੋਸ ਉਪਰਾਲੇ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਤਿੰਨ ਜ਼ਿਲ੍ਹੇ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਟੈਕਸਟਾਈਲ ਅਤੇ ਐਪਰਲ ਉਦਯੋਗ ਲਈ ਪ੍ਰਸਿੱਧ ਹਨ। ਉਨ੍ਹਾਂ ਅੱਗੇ ਕਿਹਾ ਕਿ ਸੂਬੇ ਵਿੱਚ ਟੈਕਸਟਾਈਲ ਅਤੇ ਐਪਰਲ ਦੀਆਂ 1,200 ਯੂਨਿਟਾਂ ਹਨ, ਜਿਹਨਾਂ ਵਿੱਚ 1.2 ਲੱਖ ਤੋਂ ਵੱਧ ਲੋਕਾਂ ਨੂੰ ਸਿੱਧੇ ਤੌਰ 'ਤੇ ਰੋਜਗਾਰ ਮਿਲਿਆ ਹੋਇਆ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਟ੍ਰਾਈਡੈਂਟ, ਨਾਹਰ, ਵਰਧਮਾਨ, ਸਿੰਗੋਰਾ, ਸਪੋਰਟਕਿੰਗ, ਨਿਵੀਆ, ਸਾਵੀ, ਅਵਨੀ ਟੈਕਸਟਾਈਲਜ, ਜੇਸੀਟੀ ਮਿੱਲਜ, ਅਤੇ ਇੰਡੀਅਨ ਐਕਰੀਲਿਕਸ ਸਮੇਤ ਪ੍ਰਮੁੱਖ ਟੈਕਸਟਾਈਲ ਦਿੱਗਜ਼ ਹਨ ਅਤੇ ਹਾਲ ਹੀ ਵਿੱਚ ਸਨਾਥਨ ਟੈਕਸਟਾਈਲ ਨੇ ਸੂਬੇ ਵਿੱਚ 1600 ਕਰੋੜ ਰੁਪਏ ਦਾ ਨਿਵੇਸ ਕੀਤਾ ਹੈ। ਇਸ ਦੇ ਨਾਲ ਹੀ ਪੰਜਾਬ ਨੇ ਜਾਰਾ, ਐਚ ਐਂਡ ਐਮ ਤੋਂ ਲੈ ਕੇ ਜੇਸੀ ਪੈਨੀ ਵਰਗੇ ਅੰਤਰਰਾਸ਼ਟਰੀ ਬ੍ਰਾਂਡਾਂ ਲਈ ਕੱਪੜੇ ਅਤੇ ਰਾਸ਼ਟਰਮੰਡਲ ਖੇਡਾਂ ਵਿੱਚ ਵਰਤੀਆਂ ਜਾ ਰਹੀਆਂ ਨੈੱਟ ਬਾਲਾਂ ਤਿਆਰ ਕਰਕੇ ਅੰਤਰਰਾਸ਼ਟਰੀ ਪੱਧਰ 'ਤੇ ਇੱਕ ਵਿਸ਼ੇਸ਼ ਸਥਾਨ ਬਣਾਇਆ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਟੈਕਸਟਾਈਲ ਖੇਤਰ ਵਿੱਚ 11 ਪ੍ਰਮੁੱਖ ਵਿਸ਼ੇਸ਼ ਖੋਜ ਸੰਸਥਾਵਾਂ ਹਨ। ਇਸ ਤੋਂ ਇਲਾਵਾ, ਪੰਜਾਬ ਵਿੱਚ ਲਗਭਗ 80,000 ਵਿਦਿਆਰਥੀਆਂ ਦੇ ਦਾਖਲੇ ਦੀ ਸਮਰੱਥਾ ਵਾਲੀਆਂ 350 ਤੋਂ ਵੱਧ ਆਈ.ਟੀ.ਆਈਜ਼. ਹਨ ਜਿਨ੍ਹਾਂ ਵਿੱਚ ਟੈਕਸਟਾਈਲ ਅਤੇ ਐਪਰਲ ਸੈਕਟਰ ਕੋਰਸਾਂ ਸਮੇਤ 70 ਤੋਂ ਵੱਧ ਕੋਰਸ ਕਰਵਾਏ ਜਾਂਦੇ ਹਨ। ਇਸ ਦੇ ਨਾਲ ਹੀ ਸੂਬੇ ਵਿੱਚ 60,000 ਸਿਖਲਾਈ ਸਮਰੱਥਾ ਵਾਲੇ 1,000 ਤੋਂ ਵੱਧ ਹੁਨਰ ਵਿਕਾਸ ਕੇਂਦਰ ਹਨ। ਟੈਕਸਟਾਈਲ ਅਤੇ ਅਪਰੈਲ ਸੈਕਟਰ ਤਹਿਤ ਪੰਜਾਬ ਹੁਨਰ ਵਿਕਾਸ ਮਿਸ਼ਨ ਵੱਲੋਂ 250 ਸਿਖਲਾਈ ਭਾਈਵਾਲਾਂ ਨੂੰ ਸੂਚੀਬੱਧ ਕੀਤਾ ਗਿਆ ਹੈ। ਪੰਜਾਬ ਹੁਨਰ ਵਿਕਾਸ ਮਿਸ਼ਨ ਦੀ ਐਮ ਡੀ ਸ੍ਰੀਮਤੀ ਦੀਪਤੀ ਉੱਪਲ ਨੇ ਕਿਹਾ ਕਿ ਸੂਬੇ ਦੀ ਉਦਯੋਗਿਕ ਨੀਤੀ ਸਮੇਂ ਦੀ ਲੋੜ ਅਨੁਸਾਰ ਤਿਆਰ ਕੀਤੀ ਗਈ ਹੈ। ਪੰਜਾਬ ਲੈਂਡ ਡਿਵੈਲਪਮੈਂਟ ਚਾਰਜਿਜ ਅਤੇ ਸਟੈਂਪ ਡਿਊਟੀ ਚਾਰਜ ਤੋਂ 100 ਫ਼ੀਸਦ ਛੋਟ/ਮੁਆਵਜਾ ਦੇਣ ਤੋਂ ਇਲਾਵਾ ਬਿਜਲੀ ਡਿਊਟੀ ਵਿੱਚ ਛੋਟ ਪ੍ਰਦਾਨ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਟੈਕਸਟਾਈਲ ਉਤਪਾਦਾਂ ਦਾ ਸਭ ਤੋਂ ਵੱਡਾ ਬਰਾਮਦਕਾਰ ਹੈ। ਸੂਬਾ ਸਰਕਾਰ ਛੋਟੇ ਅਤੇ ਦਰਮਿਆਨੇ ਉੱਦਮੀਆਂ 'ਤੇ ਵਿਸ਼ੇਸ਼ ਧਿਆਨ ਦੇ ਰਹੀ ਹੈ। ਕੈਬਨਿਟ ਮੰਤਰੀ ਵੱਲੋਂ ਪੈਨਲਿਸਟਸ ਐਮ.ਡੀ. ਸਨਾਥਨ ਟੈਕਸਟਾਈਲਜ ਪਰੇਸ ਦੱਤਾਨੀ, ਸੀ ਈ ਓ ਸਾਵੀ ਐਕਸਪੋਰਟਸ ਮੁਕੁਲ ਵਰਮਾ, ਚੇਅਰਮੈਨ ਸੀ.ਆਈ.ਆਈ. ਅਤੇ ਪ੍ਰਧਾਨ ਗੰਗਾ ਐਕਰੋਵੂਲਜ ਅਮਿਤ ਥਾਪਰ ਅਤੇ ਐਮ ਡੀ ਸਿੰਗੋਰਾ ਟੈਕਸਟਾਈਲਜ ਅਮਿਤ ਜੈਨ ਦਾ ਸਨਮਾਨ ਕੀਤਾ ਗਿਆ।

ਖੇਡਾਂ ਦੇ ਸਮਾਨ ਦੀ ਸਨਅਤ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ : ਮੀਤ ਹੇਅਰ

ਐਸ.ਏ.ਐਸ. ਨਗਰ/ਚੰਡੀਗੜ੍ਹ, (ਗੁਰਜੀਤ ਬਿੱਲਾ) - ਮੁੱਖ ਮੰਤਰੀ ਭਗਵੰਤ ਮਾਨ ਦੇ ਯਤਨਾਂ ਸਦਕਾ ਪੰਜਾਬ ਸਰਕਾਰ ਸੂਬੇ ਵਿੱਚ ਉਦਯੋਗਿਕ ਵਿਕਾਸ ਦੀ ਗਤੀ ਨੂੰ ਹੋਰ ਤੇਜ ਕਰ ਕੇ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਏਗੀ। ਖੇਡਾਂ ਦੇ ਸਮਾਨ ਬਣਾਉਣ ਲਈ ਜਾਣੇ ਜਾਂਦੇ ਪੰਜਾਬ ਵਿੱਚ ਇਸ ਸਨਅਤ ਨੂੰ ਹੋਰ ਮਜਬੂਤ ਕੀਤਾ ਜਾਵੇਗਾ। ਇਹ ਗੱਲ ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਇੱਥੇ ਐਸ.ਏ.ਐਸ.ਨਗਰ ਸਥਿਤ ਇੰਡੀਅਨ ਸਕੂਲ ਆਫ ਬਿਜਨਸ (ਆਈ.ਐਸ.ਬੀ.) ਕੈਂਪਸ ਵਿਖੇ ਪੰਜਵੇਂ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ-2023 ਦੌਰਾਨ ਪ੍ਰਦਰਸ਼ਨੀ ਕੇਂਦਰ ਦਾ ਦੌਰਾ ਕਰਦਿਆਂ ਖੇਡਾਂ ਦੇ ਸਮਾਨ ਦੀ ਪ੍ਰਦਰਸ਼ਨੀ ਦੇਖਦਿਆਂ ਕਹੀ। ਇਸ ਮੌਕੇ ਖੇਡ ਮੰਤਰੀ ਨੂੰ ਇਸ ਸਾਲ ਫਰਾਂਸ ਵਿਖੇ ਹੋਣ ਵਾਲੇ ਰਗਬੀ ਵਿਸ਼ਵ ਕੱਪ ਵਿੱਚ ਵਰਤੀ ਜਾਣ ਵਾਲੀ ਰਗਬੀ ਨਾਲ ਸਨਮਾਨਤ ਵੀ ਕੀਤਾ ਗਿਆ। ਮੀਤ ਹੇਅਰ ਨੇ ਕਿਹਾ ਕਿ ਸੂਬੇ ਲਈ ਮਾਣ ਵਾਲੀ ਗੱਲ ਹੈ ਕਿ ਜਿੱਥੇ ਰਗਬੀ ਵਿਸਵ ਕੱਪ ਵਿੱਚ ਜਲੰਧਰ ਵਿਖੇ ਤਿਆਰ ਕੀਤੀ ਰਗਬੀ ਵਰਤੀ ਗਈ ਉੱਥੇ ਪਿਛਲੇ ਸਮੇਂ ਵਿੱਚ ਫੀਫਾ ਵਿਸ਼ਵ ਕੱਪ ਵਿੱਚ ਪੰਜਾਬ ਦੀ ਬਣੀ ਫੁੱਟਬਾਲ ਅਤੇ ਬਰਮਿੰਘਮ ਰਾਸ਼ਟਰਮੰਡਲ ਖੇਡਾਂ ਵਿੱਚ ਪੰਜਾਬ ਦੀ ਬਣੀ ਨੈਟਬਾਲ ਵਰਤੀ ਗਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਈ ਖੇਡ ਮੁਕਾਬਲਿਆਂ ਵਿੱਚ ਭਾਰਤ ਦੀ ਟੀਮ ਨਹੀਂ ਹਿੱਸਾ ਲੈਂਦੀ ਪਰ ਪੰਜਾਬ ਵਿੱਚ ਬਣਿਆ ਖੇਡਾਂ ਦਾ ਸਮਾਨ ਆਲਮੀ ਮੁਕਾਬਲਿਆਂ ਵਿੱਚ ਭਾਰਤ ਦੀ ਹਾਜਰੀ ਲਗਾਉਂਦਾ ਹੈ।

ਇਫਟੂ ਆਗੂਆਂ ਵੱਲੋਂ 4 ਦੀ ਰੈਲੀ 'ਚ ਪੁੱਜਣ ਲਈ ਭੱਠਾ ਮਜ਼ਦੂਰਾਂ ਦੀਆਂ ਮੀਟਿੰਗਾਂ

ਨਵਾਂਸ਼ਹਿਰ (ਮਨੋਜ ਲਾਡੀ) 4-5 ਮਾਰਚ ਨੂੰ ਇਫਟੂ ਵੱਲੋਂ ਨਵਾਂਸ਼ਹਿਰ ਵਿਖੇ ਕੀਤੀ ਜਾ ਰਹੀ ਰੈਲੀ ਅਤੇ ਇਜਲਾਸ ਦੀ ਤਿਆਰੀ ਲਈ ਇਫਟੂ ਦੀ ਟੀਮ ਵੱਲੋਂ ਇਲਾਕਾ ਬੰਗਾ ਦੇ ਅੱਧੀ ਦਰਜਨ ਇੱਟਾਂ ਦੇ ਭੱਠਿਆਂ ਉੱਤੇ ਮੀਟਿੰਗਾਂ ਕੀਤੀਆਂ ਗਈਆਂ। ਇਹਨਾਂ ਮੀਟਿੰਗਾਂ ਨੂੰ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੂਬਾ ਸਹਾਇਕ ਸਕੱਤਰ ਅਵਤਾਰ ਸਿੰਘ ਤਾਰੀ,ਜ਼ਿਲ੍ਹਾ ਪ੍ਰਧਾਨ ਗੁਰਦਿਆਲ ਰੱਕੜ ਅਤੇ ਜ਼ਿਲ੍ਹਾ ਕਮੇਟੀ ਮੈਂਬਰ ਜਗੀਰਾ ਬੈਂਸ ਨੇ ਕਿਹਾ ਕਿ ਇਸ ਸਮੇਂ ਸਰਕਾਰਾਂ ਵੱਲੋਂ ਮਜਦੂਰ ਵਰਗ ਉੱਤੇ ਤਿੱਖੇ ਹਮਲੇ ਕੀਤੇ ਜਾ ਰਹੇ ਹਨ। ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਕਾਰਨ ਮਜਦੂਰ ਬੇਰੁਜ਼ਗਾਰ ਹੋ ਰਹੇ ਹਨ। ਜ਼ਿਲਵਾ ਨਵਾਂਸ਼ਹਿਰ ਵਿੱਚ ਇੱਟਾਂ ਦੇ ਭੱਠਿਆਂ ਦੀ ਗਿਣਤੀ ਪਿਛਲੇ ਸਾਲਾਂ ਵਿੱਚ 70 ਤੋਂ ਘੱਟ ਕੇ 35 ਰਹਿ ਗਈ ਹੈ ਅਤੇ ਮਜਦੂਰਾਂ ਦੀ ਗਿਣਤੀ 10 ਹਜਾਰ ਤੋਂ ਘੱਟ ਕੇ 5 ਹਜਾਰ ਰਹਿ ਗਈ ਹੈ। ਮਹਿੰਗਾਈ ਨੇ ਮਜਦੂਰਾਂ ਦਾ ਜੀਊਣਾ ਹੋਰ ਵੀ ਦੁੱਭਰ ਕੀਤਾ ਹੋਇਆ ਹੈ। ਉਹਨਾਂ ਮਜਦੂਰਾਂ ਨੂੰ ਅਪੀਲ ਕੀਤੀ ਕਿ ਉਹ 4 ਮਾਰਚ ਨੂੰ ਇਫਟੂ ਵੱਲੋਂ ਨਵਾਂਸ਼ਹਿਰ ਵਿਖੇ ਕੀਤੀ ਜਾ ਰਹੀ ਵਿਸ਼ਾਲ ਰੈਲੀ ਵਿੱਚ ਕਾਫਲੇ ਬੰਨ੍ਹ ਕੇ ਪਹੁੰਚਣ।

ਗੱਡੀ ਦਾ ਟਾਇਰ ਫਟਿਆ ਪਰਵਾਰ ਵਾਲ-ਵਾਲ ਬਚਿਆ

ਭੋਗਪੁਰ:- (ਗੁਰਪ੍ਰੀਤ ਸਿੰਘ ਭੋਗਲ) ਪਿੰਡ ਮਾਣਕਰਾਈ ਨਜਦੀਕ ਦਾਰਾਪੁਰ ਦਰਾਂਵਾ ਦੇ ਪੈਟਰੋਲ ਪੰਪ 'ਤੇ ਗੱਡੀ ਦੇ ਵੱਧ ਭਰਨ 'ਤੇ ਗੱਡੀ ਦਾ ਟਾਇਰ ਫੱਟਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਗੱਡੀ ਚਾਲਕ ਗੁਰਪ੍ਰੀਤ ਨੇ ਦੱਸਿਆ ਕਿ ਮੈਂ ਆਪਣੀ ਗੱਡੀ ਵਿੱਚ ਆਪਣੇ ਪਰਵਾਰ ਸਮੇਤ ਭੋਗਪੁਰ ਤੋਂ ਆਦਮਪੁਰ ਨੂੰ ਜਾ ਰਿਹਾ ਸੀ।

ਜਦ ਮੈਂ ਮਾਣਕਰਾਏ ਨਜਦੀਕ ਦਾਰਾਪੁਰ ਦਰਾਂਵਾ ਦੇ ਪੈਟਰੋਲ ਪੰਪ 'ਤੇ ਪੁੱਜਾ ਤਾਂ ਉਥੋਂ ਮੈਂ ਆਪਣੀ ਗੱਡੀ ਦੇ ਚਾਰਾਂ ਟਾਇਰਾਂ ਵਿੱਚ ਹਵਾ ਭਰਵਾ ਕੇ ਆਦਮਪੁਰ ਨੂੰ ਤੁਰ ਪਿਆ ਅਤੇ ਜਦੋਂ ਪਿੰਡ ਡੀਂਗਰੀਆਂ ਕੋਲ ਪੁੱਜੇ ਤਾਂ ਗੱਡੀ ਦੇ ਕਲੀਨਰ ਵਾਲੀ ਸਾਇਡ ਵਾਲਾ ਅਗਲਾ ਟਾਇਰ ਫੱਟ ਗਿਆ ਪਰ ਪਰਵਾਰ ਵੀ ਵਾਲ-ਵਾਲ ਬਚ ਗਿਆ। ਜਦੋਂ ਇਸ ਸਬੰਧੀ ਗੱਡੀ ਦੇ ਟਾਇਰਾਂ ਵਿੱਚ ਹਵਾ ਚੈੱਕ ਕੀਤੀ ਗਈ ਤਾਂ ਅਗਲੇ ਟਾਇਰ ਵਿੱਚ100 ਅਤੇ ਪਿਛਲੇ ਦੋਵੇਂ ਟਾਇਰਾਂ ਵਿੱਚ 95/90 ਭਰੀ ਹੋਈ ਸੀ। ਇਸ ਸਬੰਧੀ ਜਦੋਂ ਉਨ੍ਹਾਂ ਨੇ ਪੰਪ ਮੈਨੇਜਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਵੱਲੋਂ ਹਵਾ ਭਰਨ ਵਾਲੇ ਪਾਸੇ ਵਾਲਾ ਕੈਮਰਾ ਖਰਾਬ ਦੱਸਿਆ । ਇਸ ਸਬੰਧੀ ਪੀੜਤ ਗੱਡੀ ਚਾਲਕ ਨੇ ਦੋਸ਼ੀ ਖਿਲਾਫ ਪੁਰਜੋਰ ਕਾਰਵਾਈ ਜਰੀਏ ਇਨਸਾਫ ਦੀ ਮੰਗ ਕੀਤੀ ਹੈ।

ਸ਼ਹੀਦ ਬਾਬਾ ਦੀਪ ਸਿੰਘ ਜੀ ਵੇਟ ਲਿਫਟਿੰਗ ਸਪੋਰਟਸ ਕਲੱਬ ਵੱਲੋਂ ਮੁਕਾਬਲੇ

ਗੁਰਾਇਆ (ਰਘਬੀਰ ਸਿੰਘ) -ਸ਼ਹੀਦ ਬਾਬਾ ਦੀਪ ਸਿੰਘ ਜੀ ਵੇਟ ਲਿਫਟਿੰਗ ਸਪੋਰਟਸ ਕਲੱਬ ਬੜਾਂਪਿੰਡ ਵਲੋਂ ਚੌਂਕੀਆਂ ਦੇ ਮੇਲੇ 'ਤੇ ਮੁਕਾਬਲੇ ਕਰਵਾਏ ਗਏ। ਇਸ ਦਾ ਉਦਘਾਟਨ ਦਲਜੀਤ ਸਿੰਘ ਸੰਗੇੜਾ ਵਲੋਂ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ ਵਿੱਚ ਇੰਟਰਨੈਸ਼ਨਲ ਤੇ ਨੈਸ਼ਨਲ ਪੱਧਰ ਦੇ ਨਾਮੀ ਪਹਿਲਵਾਨਾਂ ਨੇ ਭਾਗ ਲਿਆ ਅਤੇ ਆਪਣੇ ਜੌਹਰ ਵਿਖਾਏ। ਕਲੱਬ ਦੇ ਮੈਂਬਰ ਜਗਦੀਪ ਸਿੰਘ ਸਹੋਤਾ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ 'ਚ 11 ਵੇਟਲਿਫਟਰਾਂ ਨੇ ਹਿੱਸਾ ਲਿਆ ਅਤੇ 190 ਕਿੱਲੋ ਭਾਰ ਦੀ ਕਲੀਨ ਐਂਡ ਜਰਕ ਬੜਾਂਪਿੰਡ 'ਚ ਲੱਗੀ ਹੈ। ਵੇਟਲਿਫਟਰਾਂ ਨੂੰ ਕਲੱਬ ਵਲੋਂ ਨਗਦ ਰਾਸ਼ੀ ਅਤੇ ਸਨਮਾਨ ਚਿੰਨ੍ਹ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਅਜਮੇਲ ਸਿੰਘ ਮਾਲਾ ਯੂਐਸਏ,ਬਿੱਟੂ ਸਹੋਤਾ ਯੂਕੇ,ਹਰਿੰਦਰ ਸਿੰਘ ਸਹੋਤਾ ਕੈਨੇਡਾ,ਸੁਖਪਾਲ ਸਿੰਘ ਰੇਲਵੇ,ਜਗਤਾਰ ਸਿੰਘ ਐਸ ਡੀ ਓ,ਅਮਰਿੰਦਰ ਸਿੰਘ ਆਸਟ੍ਰੇਲੀਆ, ਭਗਤ ਰਾਮ ਕੋਚ ਯੂਐਸਏ,ਰਘਬੀਰ ਸਿੰਘ ਕੈਨੇਡਾ,ਰਿੱਕੀ ਸਹੋਤਾ,ਮੀਕਾ ਸਹੋਤਾ,ਨਿਰਮਲ ਸਿੰਘ ਯੂ ਐਸ ਏ,ਬਿੱਟੂ ਸਹੋਤਾ ਕੈਨੇਡਾ,ਮਿੰਟੂ ਸਹੋਤਾ ਯੂਕੇ,ਕਾਂਤਾ ਸਹੋਤਾ ਯੂਐਸਏ,ਕਰਨਵੀਰ ਸਿੰਘ ਲੱਦੜ ਕੈਨੇਡਾ,ਸੁਖਦੀਪ ਕੈਨੇਡਾ,ਕਰਨਜੀਤ ਸਿੰਘ ਯੂ ਐਸ ਏ,ਨਵਤੇਜ ਸਿੰਘ ਕੈਨੇਡਾ,ਸਰਪੰਚ ਸੰਦੀਪ ਸਿੰਘ ਗਿੱਲ,ਨਿਰਮਲ ਸਿੰਘ ਪੰਚ,ਸੰਦੀਪ ਸਿੰਘ ਓਲੰਪੀਅਨ, ਮਨਜੀਤ ਸਿੰਘ ਡੀ ਐਸ ਪੀ,ਨਵਦੀਪ ਸਹੋਤਾ,ਪਹਿਲਵਾਨ ਚੂਹੜ ਸਿੰਘ, ਹਰਫੂਲ ਸ਼ੂਦ, ਲਖਬੀਰ ਲਾਲ ਕੋਚ,ਲੰਬੜ ਜਿੰਦਰ, ਜਗਦੀਪ ਸਿੰਘ,ਤੇਜਪਾਲ ਸਿੰਘ, ਨਿਖਿਲ, ਸਚਿਨ, ਦਲਵੀਰ,ਜਿੰਮੀ ਸਹੋਤਾ,ਜਸਵਿੰਦਰ ਸਹੋਤਾ,ਗੋਰਾ ਫਲਪੋਤਾ, ਸ਼ੇਰਾ ਫਲਪਪੋਤਾ,ਸੁਰਿੰਦਰ ਸਿੰਘ ਧਾਲੀਵਾਲ, ਪ੍ਰੀਤ,ਕਾਲਾ ਪੀਏਪੀ,ਜੱਸੀ ਪੀਏਪੀ ਹਾਜ਼ਰ ਸਨ।

ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਪੁਰਬ ਮਨਾਇਆ

ਆਦਮਪੁਰ (ਪਰਮਜੀਤ ਸਿੰਘ)- ਮੁਹੱਲਾ ਗਾਜੀਪੁਰ ਵਿਖੇ ਸਤਿਗੁਰੂ ਰਵਿਦਾਸ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਸੰਤ ਨਰੰਜਣ ਦਾਸ ਜੀ ਬਲਾਂ ਵਾਲੇ, ਸੱਯਦ ਫਕੀਰ ਬੀਬੀ ਸਰੀਫਾ ਜੀ ਉਦੇਸੀਆਂ ਵਾਲੇ, ਸੰਤ ਪ੍ਰਦੀਪ ਦਾਸ ਜੀ ਕਠਾਰ ਵਾਲੇ, ਸੰਤ ਦੇਸ ਰਾਜ ਜੀ ਦਰਾਵਾਂ, ਸੰਤ ਲੇਖਰਾਜ ਨੂਰ ਪੁਰ, ਬੀਬੀ ਸਤਿਆ ਦੇਵੀ ਅਤੇ ਸੰਤ ਪਤਰਮ ਦਾਸ ਵਿਸ਼ੇਸ਼ ਤੌਰ 'ਤੇ ਹਾਜਰ ਹੋਏ। ਹਾਜਰ ਮਹਾਪੁਰਸ਼ਾਂ ਅਤੇ ਗੁਰੂ ਘਰ ਦੇ ਹਜੂਰੀ ਰਾਗੀਆਂ ਵੱਲੋਂ ਇਲਾਹੀ ਕੀਰਤਨ ਵੀ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਕੁਲਵੰਤ ਕਜਲਾ ਵੱਲੋਂ ਨਿਭਾਈ ਗਈ। ਇਸ ਮੌਕੇ ਸੁਖਵਿੰਦਰ ਕੋਟਲੀ ਹਲਕਾ ਵਿਧਾਇਕ, ਪ੍ਰਧਾਨ ਗੌਰਵ ਝੱਲੀ, ਖਜਾਨਚੀ ਪਵਨ ਕੁ

26-FEB-PAGE-8.qxd 2/25/2023 10:17 PM Page 1

ਪੰਜਾਬ ਤੇ ਕੇਂਦਰ ਸਰਕਾਰ ਵੱਲੋਂ ਨਰੇਗਾ ਮਜ਼ਦੂਰਾਂ ਨੂੰ ਅਣਗੌਲਿਆ ਕੀਤਾ ਜਾ ਰਿਹੈ : ਜਗਸੀਰ ਖੋਸਾ

■ ਨਰੇਗਾ ਬਜਟ ਘਟਾਉਣ ਵਿਰੁੱਧ 13 ਨੂੰ ਕੀਤੇ ਜਾਣਗੇ ਰੋਸ ਮੁਜ਼ਾਹਰੇ

ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਦੀ ਸੂਬਾ ਪੱਧਰੀ ਮੀਟਿੰਗ ਦਾ ਦ੍ਰਿਸ਼।

ਮੋਗਾ (ਅਮਰਜੀਤ ਬੱਬਰੀ)-ਇੱਥੇ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਦੀ ਸੂਬਾ ਪੱਧਰੀ ਮੀਟਿੰਗ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ ਦੀ ਪ੍ਰਧਾਨਗੀ ਹੇਠ ਹੋਈ, ਜਿਸ ਨੂੰ ਸੰਬੋਧਨ ਕਰਦਿਆਂ ਸੂਬਾ ਜਨਰਲ ਸਕੱਤਰ ਜਗਸੀਰ ਸਿੰਘ ਖੋਸਾ ਨੇ ਕਿਹਾ ਕਿ ਪੰਜਾਬ ਤੇ ਕੇਂਦਰ ਸਰਕਾਰ ਵੱਲੋਂ ਨਰੇਗਾ ਮਜ਼ਦੂਰਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ, ਜਿਸ ਵਿਰੁੱਧ ਨਰੇਗਾ ਮਜ਼ਦੂਰਾਂ ਦੀ ਲਾਮਬੰਦੀ ਨੂੰ ਤੇਜ਼ ਕਰਦਿਆਂ ਨਰੇਗਾ ਵਿਰੋਧੀ ਅਫਸਰਸ਼ਾਹੀ ਤੇ ਸਰਕਾਰ ਦੇ ਨਰੇਗਾ ਮਜ਼ਦੂਰਾਂ ਵਿਰੋਧੀ ਰਵੱਈਏ ਨੂੰ ਨੱਥ ਪਾਈ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਨਰੇਗਾ ਮਜ਼ਦੂਰਾਂ ਨੂੰ ਖੇਤੀਬਾੜੀ ਦੇ ਕਾਮਿਆਂ ਦੇ ਬਰਾਬਰ ਦੀ ਦਿਹਾੜੀ ਦੇਣੀ ਬਣਦੀ ਹੈ, ਜੋ ਕਿ ਇਸ ਵਕਤ 397 ਰੁਪਏ 46 ਪੈਸੇ ਹੈ, ਪਰ ਨਰੇਗਾ ਮਜ਼ਦੂਰਾਂ ਨੂੰ 282 ਰੁਪਏ ਦਿਹਾੜੀ ਦੇ ਕੇ ਉਨ੍ਹਾਂ ਦਾ ਹੱਕ ਮਾਰਿਆ ਜਾ ਰਿਹਾ ਹੈ। ਨਰੇਗਾ ਐਕਟ ਦੀ ਜ਼ਰੂਰੀ ਚੀਜ਼ 'ਕੰਮ ਅਰਜ਼ੀ ਦੀ ਰਸੀਦ', ਜੋ ਕਿ ਕੰਮ ਦੀ ਗਾਰੰਟੀ ਲਈ ਲਾਜਮੀ ਹੈ, ਨੂੰ ਨਰੇਗਾ ਕਾਮਿਆਂ ਨੂੰ ਦੇਣ ਤੋਂ ਟਾਲਾ ਵੱਟਿਆ ਜਾਂਦਾ ਹੈ, ਜਿਸ ਕਾਰਨ ਨਰੇਗਾ ਕਾਮਿਆਂ ਦੀ 100 ਦਿਨ ਦੀ ਗਾਰੰਟੀ ਤੇ ਬੇਰੁਜ਼ਗਾਰੀ ਭੱਤੇ ਦਾ ਹੱਕ ਮਰ ਰਿਹਾ ਹੈ। ਆਮ ਆਦਮੀ ਦਾ ਨਾਮ ਵਰਤ ਕੇ ਸੱਤਾ ਵਿੱਚ ਆਉਣ ਵਾਲੇ ਖਾਸ ਆਦਮੀਆਂ ਦੇ ਹੀ ਬਣ ਕੇ ਰਹਿ ਗਏ ਹਨ ਅਤੇ ਸੱਚਮੁੱਚ ਦੇ ਆਮ ਆਦਮੀਆਂ ਦੀ ਕੋਈ ਪੁੱਛਗਿੱਛ ਨਹੀਂ ਹੋ ਰਹੀ। ਬੇਰੁਜ਼ਗਾਰੀ ਤੇ ਨਸ਼ਿਆਂ ਵਰਗੀਆਂ ਸਮੱਸਿਆਵਾਂ ਉਸੇ ਤਰ੍ਹਾਂ ਜਵਾਨੀ ਨੂੰ ਤਬਾਹੀ ਵੱਲ ਧੱਕ ਰਹੀਆਂ ਹਨ। ਉਨ੍ਹਾਂ ਕਿਹਾ ਕਿ ਨਰੇਗਾ ਦਿਨਾਂ ਦੀ ਗਾਰੰਟੀ 200 ਦਿਨ, ਦਿਹਾੜੀ 700 ਰੁਪਏ, ਮੇਟਾਂ ਲਈ ਸਕਿਲਡ ਲੇਬਰ ਦੀ ਦਿਹਾੜੀ ਲਾਗੂ ਕਰਵਾਉਣ, 5 ਕਿਲੋਮੀਟਰ ਤੋਂ ਵੱਧ ਦੂਰ ਕੰਮ ਕਰਨ 'ਤੇ 10 ਪ੍ਰਤੀਸ਼ਤ ਵੱਧ ਦਿਹਾੜੀ ਲਾਗੂ ਕਰਵਾਉਣ, ਕੰਮ ਵਾਲੀ ਥਾਂ ਤੇ ਫਸਟ ਏਡ ਬਾਕਸ, ਨਰੇਗਾ ਕੰਮ ਦੌਰਾਨ ਮੌਤ ਜਾਂ ਨਕਾਰਾ ਹੋਣ ਦੀ ਸੂਰਤ ਵਿੱਚ ਐਕਸਗਰੇਸ਼ੀਆ ਗ੍ਰਾਂਟ ਵਧਾ ਕੇ 2 ਲੱਖ ਕਰਵਾਉਣ ਆਦਿ ਮੰਗਾਂ ਲਈ ਸੰਘਰਸ਼ ਤੇਜ਼ ਕੀਤਾ ਜਾਵੇਗਾ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਕੇਂਦਰ ਸਰਕਾਰ ਵੱਲੋਂ ਨਰੇਗਾ ਬਜਟ ਨੂੰ ਘਟਾਉਣ ਤੇ ਨਰੇਗਾ ਵਿਰੋਧੀ ਨੀਤੀਆਂ ਖਿਲਾਫ 5 ਮਾਰਚ ਤੋਂ 12 ਮਾਰਚ ਤੱਕ ਕੇਂਦਰ ਸਰਕਾਰ ਦੇ ਪਿੰਡ-ਪਿੰਡ ਪੁਤਲੇ ਫੂਕੇ ਜਾਣਗੇ ਤੇ 13 ਮਾਰਚ ਨੂੰ ਬਲਾਕ ਅਤੇ ਜ਼ਿਲ੍ਹਾ ਪੱਧਰੀ ਰੋਸ ਮੁਜ਼ਾਹਰੇ ਕਰਕੇ ਮੰਗ ਪੱਤਰ ਦਿੱਤੇ ਜਾਣਗੇ। ਸਾਲ 2023 ਦੀ ਮੈਂਬਰਸ਼ਿਪ ਮੁਹਿਮ ਤੇਜ਼ ਕਰਦਿਆਂ 20 ਅਪ੍ਰੈਲ ਤੱਕ ਬਲਾਕ ਤੇ ਜ਼ਿਲ੍ਹਾ ਕਮੇਟੀਆਂ ਦੀਆਂ ਚੋਣਾਂ ਕਰਵਾਉਣ ਦਾ ਫੈਸਲਾ ਕੀਤਾ ਗਿਆ।

ਮੀਟਿੰਗ ਨੂੰ ਹੋਰਨਾਂ ਦੇ ਇਲਾਵਾ ਬਲਕਾਰ ਦੁਧਾਲਾ, ਲਖਵਿੰਦਰ ਗੋਪਾਲਪੁਰਾ (ਅੰਮ੍ਰਿਤਸਰ), ਖੁਸ਼ੀਆ ਸਿੰਘ (ਬਰਨਾਲਾ), ਨੀਲੇ ਖਾਂ (ਸੰਗਰੂਰ), ਬੋਹੜ ਸਿੰਘ ਸੁਖਨਾ, ਬਿੰਦਰ ਸਿੰਘ (ਮੁਕਤਸਰ), ਸ਼ੇਰ ਸਿੰਘ ਦੌਲਤਪੁਰਾ, ਹਰਭਜਨ ਸਿੰਘ ਬਿਲਾਸਪੁਰ (ਮੋਗਾ), ਗੋਰਾ ਸਿੰਘ ਪਿੱਪਲੀ, ਬਲਬੀਰ ਸਿੰਘ ਔਲਖ, ਮਨਜੀਤ ਕੌਰ (ਫਰੀਦਕੋਟ), ਬਲਜੀਤ ਕੌਰ, ਮਨਜੀਤ ਕੌਰ (ਪਟਿਆਲਾ) ਨੇ ਵੀ ਸੰਬੋਧਨ ਕੀਤਾ।

ਹਸਪਤਾਲ ਦੀ ਆਲੀਸ਼ਾਨ ਬਿਲਡਿੰਗ ਲਈ ਬੰਦੇਸਾ ਭਰਾਵਾਂ ਵੱਲੋਂ ਦਿਲ ਖੋਲ੍ਹ ਕੇ ਕੀਤਾ ਜਾ ਰਿਹੈ ਖਰਚ

ਧਰਮਕੋਟ (ਗੁਰਦੀਪ ਸਿੰਘ ਭੁੱਲਰ)

ਮੋਗਾ ਜ਼ਿਲ੍ਹੇ ਦੇ ਪਿੰਡ ਲੋਹਗੜ੍ਹ ਦੇ ਧਨਾਢ ਕਿਸਾਨ ਸਵ. ਜਾਗੀਰ ਸਿੰਘ ਬੰਦੇਸਾ ਧਰਮ ਪਤਨੀ ਸਵ: ਮਲਕੀਤ ਕੌਰ ਬੰਦੇਸਾ ਦੀ ਯਾਦ ਨੂੰ ਸਮਰਪਤ ਪਿੰਡ ਲੋਹਗੜ੍ਹ ਵਿਖੇ ਇੱਕ ਵੱਡਾ ਮੈਡੀਕਲ ਹਸਪਤਾਲ ਬਣਾਇਆ ਜਾ ਰਿਹਾ ਹੈ, ਜਿਸ ਆਲੀਸ਼ਾਨ ਬਿਲਡਿੰਗ ਬਣਾਉਣ ਲਈ ਤਿੰਨੇ ਬੰਦੇਸਾ ਭਰਾਵਾਂ ਵੱਲੋਂ ਦਿਲ ਖੋਲ੍ਹ ਕੇ ਖਰਚਾ ਕੀਤਾ ਜਾ ਰਿਹਾ ਹੈ। ਗੱਲਬਾਤ ਕਰਦਿਆਂ ਸਤਵੰਤ ਸਿੰਘ ਬੰਦੇਸਾ ਕੈਨੇਡਾ, ਬਸੰਤ ਸਿੰਘ ਬੰਦੇਸਾ ਚੰਡੀਗੜ੍ਹ ਤੇ ਰਛਪਾਲ ਸਿੰਘ ਬੰਦੇਸਾ ਕੈਨੇਡਾ ਨੇ ਦੱਸਿਆ ਕਿ ਸਾਡੇ ਸਤਿਕਾਰ ਮਾਤਾ ਮਲਕੀਤ ਕੌਰ ਜੀ ਬੰਦੇਸਾ ਦੀ ਯਾਦ ਵਿੱਚ ਬਣ ਰਿਹਾ ਇਹ ਵੱਡਾ ਮੈਡੀਕਲ ਹਸਪਤਾਲ ਬਣਨ ਉਪਰੰਤ ਸਰਕਾਰ ਹਵਾਲੇ ਕਰਕੇ ਮੁਹੱਲਾ ਕਲੀਨਿਕ ਵਿੱਚ ਤਬਦੀਲ ਕੀਤਾ ਜਾਵੇਗਾ, ਜਿਸ ਵਿੱਚ ਸਾਰੀਆਂ ਸਹੂਲਤਾਂ ਫਰੀ ਮੈਡੀਕਲ ਜਾਂਚ ਤੇ ਫਰੀ ਦਵਾਈਆਂ ਅਤੇ ਮੈਡੀਕਲ ਅਫਸਰ 24 ਘੰਟੇ ਡਿਊਟੀ ਨਿਭਾਉਣਗੇ। ਦਾਨੀ ਸੱਜਣਾਂ ਨੇ ਆਪਣੇ ਅਗਵਾੜ ਦੀ ਪੱਤੀ ਬੰਦੇਸਾ ਦੇ ਗੁਰਦੁਆਰਾ ਸਾਹਿਬ ਕਮੇਟੀ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੇ ਹਸਪਤਾਲ ਬਣਾਉਣ ਵਾਸਤੇ ਉਨ੍ਹਾਂ ਨੂੰ ਖੁੱਲ੍ਹੀ ਥਾਂ ਦਿੱਤੀ। ਆਪਣੇ ਪਿੰਡ ਲੋਹਗੜ੍ਹ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਵਾਸਤੇ ਇਨ੍ਹਾਂ ਦਾਨੀ ਸੱਜਣਾਂ ਸਤਵੰਤ ਸਿੰਘ ਬੰਦੇਸਾ, ਬਸੰਤ ਸਿੰਘ ਬੰਦੇਸਾ, ਰਛਪਾਲ ਸਿੰਘ ਬੰਦੇਸਾ ਤੇ ਸਮੂਹ ਪਰਿਵਾਰਕ ਮੈਂਬਰਾਂ ਨੇ 50 ਹਜ਼ਾਰ ਰੁਪਏ ਵੱਡਾ ਪੰਥਕ ਗੁਰਦੁਆਰਾ ਸਾਹਿਬ ਨੂੰ ਅਤੇ ਦੂਸਰੇ ਦੋ ਵੱਖੋ-ਵੱਖਰੇ ਗੁਰਦੁਆਰਾ ਸਾਹਿਬ ਨੂੰ 25-25 ਹਜ਼ਾਰ ਰੁਪਏ ਦਾਨ ਕੀਤਾ। ਇਸ ਤੋਂ ਇਲਾਵਾ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੇ ਸਰਕਾਰੀ ਪ੍ਰਾਇਮਰੀ ਸਕੂਲ ਨੂੰ 50-50 ਹਜ਼ਾਰ ਰੁਪਏ ਆਪਣੀ ਮਾਤਾ ਦੀ ਯਾਦ ਨੂੰ ਸਮਰਪਤ ਕਰ ਦਿੱਤੇ। ਪੱਤਰਕਾਰ ਨਾਲ ਗੱਲਬਾਤ ਕਰਦਿਆਂ ਇਨ੍ਹਾਂ ਦਾਨੀ ਸੱਜਣਾਂ ਨੇ ਸਪੱਸ਼ਟ ਕਿਹਾ ਕਿ ਭਾਵੇਂ ਉਹ ਸੱਤ ਸਮੁੰਦਰੋਂ ਪਾਰ ਰਹਿੰਦੇ ਹਨ, ਪਰ ਸਾਡੀ ਤਾਰ ਹਮੇਸ਼ਾ ਹੀ ਆਪਣੇ ਜੱਦੀ ਪਿੰਡ ਲੋਹਗੜ੍ਹ ਵਿਖੇ ਵੱਜਦੀ ਹੈ, ਜਿੱਥੇ ਅਸੀਂ ਛੋਟੇ ਜਿਹੇ ਪਿੰਡ ਵਿੱਚ ਜਨਮ ਲੈ ਕੇ ਦੇਸਾਂ-ਪ੍ਰਦੇਸਾਂ ਦੀ ਧਰਤੀ 'ਤੇ ਪੁੱਜੇ। ਅਸੀਂ ਸੀਸ ਝੁਕਾ ਕੇ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਸਾਡੇ ਨਗਰ ਨੂੰ ਬੁਰੀ ਨਜ਼ਰ ਨਾ ਲੱਗੇ ਤੇ ਨੌਜਵਾਨ ਪੀੜ੍ਹੀ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਵੱਲ ਵਿਸ਼ੇਸ਼ ਧਿਆਨ ਦੇਵੇ।

ਸਿਲਵਰ ਓਕਸ ਸਕੂਲ ਨੇ ਪਲੇਠਾ ਸਥਾਪਨਾ ਦਿਵਸ ਮਨਾਇਆ

ਰਾਮਪੁਰਾ ਫੂਲ (ਦਰਸ਼ਨ ਜਿੰਦਲ)

ਸਿਲਵਰ ਓਕਸ ਸਕੂਲ ਰਾਮਪੁਰਾ ਰੋਡ ਬਠਿੰਡਾ ਨੇ ਆਪਣਾ ਪਹਿਲਾ ਸਥਾਪਨਾ ਦਿਵਸ 'ਸਿਲਵਿਸਟਾ' ਵਜੋਂ ਮਨਾਇਆ। ਇਸ ਮੌਕੇ ਸਿਲਵਰ ਓਕਸ ਸਕੂਲਾਂ ਦੇ ਪ੍ਰਧਾਨ ਸਰੂਪ ਚੰਦ ਸਿੰਗਲਾ, ਚੇਅਰਮੈਨ ਇੰਦਰਜੀਤ ਸਿੰਘ ਬਰਾੜ ਤੇ ਨਿਰਦੇਸ਼ਕ ਬਰਨਿੰਦਰ ਪਾਲ ਸੇਖੋਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਦਾ ਇਸ ਮੌਕੇ ਨਿੱਘਾ ਸਵਾਗਤ ਕੀਤਾ ਗਿਆ ਤੇ ਸ਼ਮ੍ਹਾ ਜਗਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਪਹਿਲਾਂ ਪ੍ਰਮਾਤਮਾ ਦੇ ਨਾਲ ਜੋੜਨ ਲਈ 'ਆਰ ਨਾਨਕ ਪਾਰ ਨਾਨਕ' ਸ਼ਬਦ ਉਪਰੰਤ ਬੱਚਿਆਂ ਨੇ ਵੱਖ ਵੱਖ ਪੇਸ਼ਕਾਰੀਆਂ ਕਰਕੇ ਸਾਰਿਆਂ ਦਾ ਦਿਲ ਜਿੱਤ ਲਿਆ। ਇਸ ਤੋਂ ਬਾਅਦ ਪ੍ਰਧਾਨ ਸਰੂਪ ਚੰਦ ਸਿੰਗਲਾ ਨੇ ਆਪਣੇ ਕੀਮਤੀ ਵਿਚਾਰ ਪੇਸ਼ ਕਰਦੇ ਹੋਏ ਛੋਟੇ ਬੱਚਿਆਂ ਦੀ ਪ੍ਰਸੰਸਾ ਕਰਦਿਆਂ ਸਕੂਲ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਬਾਅਦ ਵਿੱਚ ਚੇਅਰਮੈਨ ਇੰਦਰਜੀਤ ਸਿੰਘ ਬਰਾੜ ਨੇ ਆਪਣੇ ਬਹੁਮੁੱਲੇ ਵਿਚਾਰ ਸਭ ਨਾਲ ਸਾਂਝੇ ਕੀਤੇ।

ਉਨ੍ਹਾਂ ਬੱਚਿਆਂ ਦੇ ਮਾਤਾ-ਪਿਤਾ ਨੂੰ ਬੱਚਿਆਂ ਦੇ ਚੰਗੇ ਭਵਿੱਖ, ਚੰਗੀ ਪੜ੍ਹਾਈ ਲਈ ਵਚਨ ਦਿੱਤਾ। ਸਿਲਵਰ ਓਕਸ ਸਕੂਲਾਂ ਦੇ ਨਿਰਦੇਸ਼ਕ ਬਰਨਿੰਦਰ ਪਾਲ ਸੇਖੋਂ ਨੇ ਵਿਦਿਆਰਥੀਆਂ ਦੇ ਹੁਨਰ, ਸੋਹਣੀ ਪੇਸ਼ਕਾਰੀ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ ਤੇ ਮਾਪਿਆਂ ਦਾ ਸਕੂਲ ਦੀਆਂ ਗਤੀਵਿਧੀਆਂ ਵਿੱਚ ਸਾਥ ਦੇਣ ਲਈ ਧੰਨਵਾਦ ਕੀਤਾ। ਬਾਅਦ ਵਿੱਚ ਸਕੂਲ ਦੀ ਮੁੱਖ ਅਧਿਆਪਕਾ ਛਾਇਆ ਵਿਨੋਚਾ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕਰਦਿਆਂ ਸਾਲ ਭਰ ਦੀਆਂ ਯਾਦਾਂ ਨੂੰ ਤਾਜ਼ਾ ਕਰਵਾਇਆ ਤੇ ਗਤੀਵਿਧੀਆਂ 'ਤੇ ਚਾਨਣਾ ਪਾਇਆ। ਅੰਤ ਵਿੱਚ ਰਾਸ਼ਟਰੀ ਗਾਣ ਨਾਲ ਇਸ ਸਾਲਾਨਾ ਸਮਾਗਮ ਦੀ ਸਮਾਪਤੀ ਕੀਤੀ ਗਈ ਤੇ ਸਾਰਿਆਂ ਦਾ ਇੱਥੇ ਪਹੁੰਚਣ 'ਤੇ ਧੰਨਵਾਦ ਕੀਤਾ ਗਿਆ।

ਕਾਤਰਾਂ

ਸਾਲਾਨਾ ਕੱਵਾਲੀ ਸਮਾਗਮ 11 ਨੂੰ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਬਾਗ ਵਾਲਾ ਪੀਰਖਾਨਾ ਮਹਿਲ ਕਲਾਂ ਵਿਖੇ 11 ਮਾਰਚ ਨੂੰ ਸਾਲਾਨਾ ਕਵਾਲੀ ਸਮਾਗਮ, ਭੰਡਾਰਾ ਤੇ ਉਰਸ ਮੁਬਾਰਕ ਪ੍ਰਬੰਧਕ ਡਾ: ਮਿੱਠੂ ਮੁਹੰਮਦ ਦੀ ਦੇਖ-ਰੇਖ ਹੇਠ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅਮਨ ਮੁਸਲਮ ਕਮੇਟੀ ਮਹਿਲ ਕਲਾਂ ਦੇ ਆਗੂ ਦਿਲਸ਼ਾਦ ਤੱਗੜ, ਲੱਕੀ ਪਾਸੀ, ਕਾਕਾ ਖਾਨ, ਸੋਨੀ ਜੌਹਲ ਨੇ ਦੱਸਿਆ ਕਿ ਇਸ ਮੌਕੇ ਪੰਜਾਬ ਦੇ ਮਸ਼ਹੂਰ ਕੱਵਾਲ ਦਿਲਸ਼ਾਦ ਜਮਾਲਪੁਰ ਕੱਵਾਲੀਆਂ ਪੇਸ਼ ਕਰਨਗੇ। ਸਾਲਾਨਾ ਸਮਾਗਮ ਦੀਆਂ ਤਿਆਰੀਆਂ ਜੰਗੀ ਪੱਧਰ 'ਤੇ ਜਾਰੀ ਹਨ। ਇਸ ਸਮੇਂ ਬਾਬਾ ਜੰਗ ਸਿੰਘ, ਬਾਬਾ ਬਲਬੀਰ ਸਿੰਘ ਘੋਨਾ, ਕੁਲਦੀਪ ਸਿੰਘ ਵਿੱਕੀ, ਅਮਨਦੀਪ ਕੁਮਾਰ, ਜਮੀਲ ਖਾਨ, ਮੁਹੰਮਦ ਅਕਬਰ, ਅਮਿਤ ਕੁਮਾਰ, ਕਬੱਡੀ ਖਿਡਾਰੀ ਸਮਸ਼ੇਰ ਅਲੀ, ਅਮਰਜੀਤ ਸਿੰਘ ਆਦਿ ਹਾਜ਼ਰ ਸਨ।

ਚੂਰਾ ਪੋਸਤ ਸਮੇਤ ਨੌਜਵਾਨ ਕਾਬੂ

ਮਲੋਟ (ਗੁਰਮੀਤ ਸਿੰਘ ਮੱਕੜ)-ਥਾਣਾ ਕਬਰਵਾਲਾ ਪੁਲਸ ਨੇ ਚੂਰਾ ਪੋਸਤ ਸਮੇਤ ਇੱਕ ਨੌਜਵਾਨ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਪੱਕੀ ਟਿੱਬੀ ਸੀ ਤਾਂ ਇੱਕ ਮੋਨਾ ਨੌਜਵਾਨ ਨਲਕੇ 'ਤੇ ਆਪਣੇ ਬੈਗ ਵਿੱਚੋਂ ਕੁੱਝ ਕੱਢਦਾ ਦਿਖਾਈ ਦਿੱਤਾ, ਜਿਸ ਨੂੰ ਪੁਲਸ ਪਾਰਟੀ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਨਾਮ ਪੁੱਛਣ 'ਤੇ ਉਸ ਨੇ ਆਪਣਾ ਨਾਮ ਗੁਰਪ੍ਰੇਮ ਸਿੰਘ ਉਰਫ਼ ਗੈਰੀ ਵਾਸੀ ਜੋਧਪੁਰ ਰੋਮਾਣਾ (ਬਠਿੰਡਾ) ਦੱਸਿਆ, ਜਿਸ ਤਲਾਸ਼ੀ ਲੈਣ ਉਪਰੰਤ ਉਸ ਕੋਲੋਂ 7 ਕਿਲੋਗ੍ਰਾਮ ਚੂਰਾ ਪੋਸਤ ਬਰਾਮਦ ਹੋਇਆ। ਪੁਲਸ ਨੇ ਉਕਤ ਨੌਜਵਾਨ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਏ ਡੀ ਸੀ ਵੱਲੋਂ ਸਿਵਲ ਹਸਪਤਾਲ ਦੇ ਪ੍ਰਬੰਧਾਂ ਦਾ ਜਾਇਜ਼ਾ

ਸਮਰਾਲਾ (ਸੁਰਜੀਤ ਸਿੰਘ)-ਏ ਡੀ ਸੀ ਲੁਧਿਆਣਾ ਰਾਹੁਲ ਚਾਬਾ ਵੱਲੋਂ ਸਿਵਲ ਹਸਪਤਾਲ ਸਮਰਾਲਾ ਵਿਖੇ ਦੌਰਾ ਕੀਤਾ ਗਿਆ। ਉਨ੍ਹਾ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਲੋਕਾਂ ਦੀਆਂ ਸਿਹਤ ਸਹੂਲਤਾਂ ਲਈ ਵਚਨਬੱਧ ਹੈ। ਇਸੇ ਮੁਹਿਮ ਤਹਿਤ ਸਰਕਾਰ ਵੱਲੋਂ 500 ਦੇ ਕਰੀਬ ਆਮ ਆਦਮੀ ਮੁਹੱਲਾ ਕਲੀਨਿਕ ਖੋਲ੍ਹੇ ਗਏ ਹਨ, ਜਿਨ੍ਹਾਂ ਵਿੱਚ ਲੋਕਾਂ ਨੂੰ ਵਧੀਆ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਸੇ ਮਿਸ਼ਨ ਦੇ ਤਹਿਤ ਪੰਜਾਬ ਸਰਕਾਰ ਵੱਲੋਂ ਹੋਰ ਨਵੇਂ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਵਿੱਚ ਸਬ ਡਵੀਜ਼ਨਲ ਲੈਵਲ ਤੇ ਜ਼ਿਲ੍ਹਾ ਲੈਵਲ 'ਤੇ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਹੋਰ ਵਧੀਆ ਸਹੂਲਤਾਂ ਦਿੱਤੀਆਂ ਜਾ ਸਕਣ। ਉਨ੍ਹਾਂ ਸਾਰੇ ਹਸਪਤਾਲ ਦਾ ਨਰੀਖਣ ਕੀਤਾ ਤੇ ਕਿਹਾ ਕਿ ਪੰਜਾਬ ਸਰਕਾਰ ਚਾਹੁੰਦੀ ਹੈ ਕਿ ਸਰਕਾਰੀ ਹਸਪਤਾਲਾਂ ਦੀ ਵਧੀਆ ਦਿੱਖ ਤੇ ਮਰੀਜ਼ਾਂ ਨੂੰ ਹੋਰ ਵੀ ਵਧੀਆ ਸਹੂਲਤਾਂ ਦਿੱਤੀਆਂ ਜਾਣ। ਇਸ ਮੌਕੇ ਉਨ੍ਹਾ ਇਸ ਸਿਵਲ ਹਸਪਤਾਲ ਦੀ ਸਾਫ ਸਫਾਈ ਤੇ ਮੈਨੇਜਮੈਂਟ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਡਾ: ਤਾਰਕਜੋਤ ਸਿੰਘ ਸੀਨੀਅਰ ਮੈਡੀਕਲ ਅਫਸਰ ਵੱਲੋਂ ਇਸ ਸੰਸਥਾ ਦੇ ਜੀ ਏ ਪੀ ਵਿਸ਼ਲੇਸ਼ਣ ਦੀ ਲਿਸਟ ਏ ਡੀ ਸੀ ਨੂੰ ਸੌਂਪੀ ਗਈ। ਡਾ: ਤਾਰਕਜੋਤ ਸਿੰਘ ਸੀਨੀਅਰ ਮੈਡੀਕਲ ਅਫਸਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਪੰਜਾਬ ਸਰਕਾਰ ਲੋਕਾਂ ਨੂੰ ਵਧੀਆਂ ਸਿਹਤ ਸਹੂਲਤਾਂ ਦੇਣਾ ਚਾਹੁੰਦੀ ਹੈ ਤੇ ਸਿਵਲ ਹਸਪਤਾਲ ਸਮਰਾਲਾ ਨੂੰ ਇੱਕ ਨਵੀਂ ਦਿੱਖ ਅਤੇ ਹੋਰ ਸਰਕਾਰੀ ਹਸਪਤਾਲਾਂ ਨੂੰ ਵਧੀਆ ਬਣਾਉਣਾ ਚਾਹੁੰਦੀ ਹੈ।

ਮੇਲਾ ਰੋਸ਼ਨੀ : ਪੀਰ ਬਾਬਾ ਮੋਹਕਮਦੀਨ ਦੀ ਦਰਗਾਹ 'ਤੇ ਹਜ਼ਾਰਾਂ ਸੰਗਤਾਂ ਨੇ ਟੇਕਿਆ ਮੱਥਾ

ਜਗਰਾਓਂ (ਅਮਿਤ ਖੰਨਾ)-ਪੀਰ ਬਾਬਾ ਮੋਹਕਮਦੀਨ ਜੀ ਦੀ ਦਰਗਾਹ 'ਤੇ ਸ਼ਨੀਵਾਰ ਵਿਸ਼ਵ ਪ੍ਰਸਿੱਧ ਮੇਲਾ ਰੋਸ਼ਨੀ ਦੀ ਪਹਿਲੀ ਚੌਕੀ 'ਤੇ ਪੁੱਜੀਆਂ ਹਜ਼ਾਰਾਂ ਸੰਗਤਾਂ ਨੇ ਪੀਰ ਬਾਬਾ ਮੋਹਕਮਦੀਨ ਜੀ ਦੀ ਦਰਗਾਹ 'ਤੇ ਮੱਥਾ ਟੇਕਿਆ। ਅੱਜ ਮੇਲੇ ਦੀ ਪਹਿਲੀ ਚੌਕੀ ਵਾਲੇ ਦਿਨ ਪੀਰ ਬਾਬਾ ਮੋਹਕਮਦੀਨ ਜੀ ਦੀ ਦਰਗਾਹ 'ਤੇ ਤਿੰਨ ਰੋਜ਼ਾ ਮੇਲੇ ਦੀ ਰਸਮ ਗੱਦੀ ਨਸ਼ੀਨ ਸੂਫੀ ਨੂਰਦੀਨ ਨਕਸਬੰਦੀ ਤੇ ਫਜਲਦੀਨ ਜੀ ਵੱਲੋਂ ਝੰਡੇ ਤੇ ਚਾਦਰ ਚੜ੍ਹਾ

26-FEB-PAGE-9.qxd 2/25/2023 10:16 PM Page 1

ਪਟਵਾਰੀਆਂ ਤੇ ਕਾਨੂੰਗੋਜ਼ ਵੱਲੋਂ ਪ੍ਰਸ਼ਾਸਨ ਖਿਲਾਫ ਰੋਸ ਧਰਨਾ

ਜਲਾਲਾਬਾਦ ਤਹਿਸੀਲ ਕੰਪਲੈਕਸ 'ਚ ਧਰਨਾ ਦਿੰਦੇ ਪਟਵਾਰੀ।

ਜਲਾਲਾਬਾਦ (ਜੀਤ ਕੁਮਾਰ)-ਦੀ ਰੈਵੀਨਿਊ ਪਟਵਾਰ ਯੂਨੀਅਨ ਤਹਿਸੀਲ ਜਲਾਲਾਬਾਦ ਦੇ ਸਮੂਹ ਪਟਵਾਰੀਆਂ ਤੇ ਕਾਨੂੰਗੋਜ਼ ਵੱਲੋਂ ਜ਼ਿਲ੍ਹਾ ਬਾਡੀ ਦੇ ਅਦੇਸ਼ਾਂ ਅਨੁਸਾਰ ਤਹਿਸੀਲ ਹੈੱਡ ਕੁਆਰਟਰ 'ਤੇ ਵਰਿੰਦਰ ਕੁਮਾਰ ਤਹਿਸੀਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਸ਼ਾਸਨ ਖਿਲਾਫ ਰੋਸ ਧਰਨਾ ਦਿੱਤਾ ਗਿਆ ਤੇ ਨਾਅਰੇਬਾਜ਼ੀ ਕੀਤੀ ਗਈ। ਇਸ ਧਰਨੇ ਵਿੱਚ ਵਰਿੰਦਰ ਕੁਮਾਰ ਤਹਿਸੀਲ ਪ੍ਰਧਾਨ, ਬਲਦੇਵ ਸਿੰਘ ਸੀਨੀਅਰ ਮੀਤ ਪ੍ਰਧਾਨ ਪੰਜਾਬ, ਕੇਵਲ ਕ੍ਰਿਸ਼ਨ ਕਾਨੂੰਗੋ, ਗੌਤਮ ਕੰਬੋਜ ਜਨਰਲ ਸਕੱਤਰ, ਮਹਿੰਦਰ ਪ੍ਰਤਾਪ ਸਿੰਘ ਖਜ਼ਾਨਚੀ, ਸੰਦੀਪ ਕੁਮਾਰ, ਗਗਨੀਤ ਸਿੰਘ, ਮਲਕੀਤ ਸਿੰਘ, ਮਨਦੀਪ ਸਿੰਘ, ਪਰਵਿੰਦਰ ਸਿੰਘ ਰਿਟਾਇਰਡ ਕਾਨੂੰਗੋ, ਬਲਵੰਤ ਸਿੰਘ ਖਾਲਸਾ, ਰਿਟਾਇਰਡ ਅਧਿਆਪਕ ਆਗੂ ਤੇ ਹੋਰ ਹਾਜ਼ਰ ਸਨ।

ਉਕਤ ਆਗੂਆਂ ਨੇ ਕਿਹਾ ਕਿ ਅੱਜ ਦਾ ਇਹ ਧਰਨਾ ਪਟਵਾਰੀਆਂ ਤੇ ਕਾਨੂੰਗੋਆਂ ਦੇ ਪਿਛਲੇ ਕਾਫੀ ਸਮੇਂ ਤੋਂ ਲਟਕਦੇ ਆ ਰਹੇ ਜ਼ਰੂਰੀ ਰੂਟੀਨ ਦੇ ਕੰਮਾਂ ਦੇ ਸਬੰਧ ਵਿੱਚ ਦਿੱਤਾ ਗਿਆ। ਪਟਵਾਰੀਆਂ ਤੇ ਕਾਨੂੰਗੋਆਂ ਦੇ ਰੂਟੀਨ ਦੇ ਕੰਮ ਜਿਵੇਂ ਕਿ ਪਟਵਾਰੀਆਂ ਦੀਆਂ ਸਾਲਾਨਾ ਗੁਪਤ ਰਿਪੋਰਟਾਂ ਤਿਆਰ ਕਰਨਾ, ਪਟਵਾਰੀਆਂ ਤੋਂ ਕਾਨੂੰਗੋ ਦੀਆਂ ਤਰੱਕੀਆਂ ਕਰਨਾ, ਪਟਵਾਰੀਆਂ ਦੀ ਸੀਨੀਆਰਤਾ ਸੂਚੀ ਤਿਆਰ ਕਰਨਾ, ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਕਾਨੂੰਗੋਆਂ ਨੂੰ ਸੇਵਾਦਾਰ ਮੁਹੱਈਆ ਕਰਵਾਉਣਾ, ਪਟਵਾਰੀਆਂ ਦੇ ਵਰਕ ਸਟੇਸ਼ਨ 'ਤੇ ਚੌਕੀਦਾਰ, ਸਫਾਈ ਸੇਵਕ, ਜਨਰੇਟਰ, ਪਾਣੀ ਦਾ ਪ੍ਰਬੰਧ ਕਰਨਾ, ਪਟਵਾਰੀਆਂ ਨੂੰ ਜ਼ਿਲ੍ਹਾ ਹੈੱਡ ਕੁਆਰਟਰ 'ਤੇ ਰਿਕਾਰਡ ਲੈ ਕੇ ਜਾਂਦੇ ਸਮੇਂ ਰਸਤੇ ਵਿੱਚ ਪੈਂਦੇ ਟੋਲ ਪਲਾਜੇ ਤੋਂ ਰਾਹਤ ਦਿਵਾਉਣਾ, ਇੰਟਰਨੈੱਟ ਕੁਨੈਕਸ਼ਨ ਦਾ ਫੰਡ ਜਾਰੀ ਕਰਨਾ, ਪਟਵਾਰੀਆਂ ਨੂੰ ਰਿਕਾਰਡ ਰੱਖਣ ਲਈ ਅਲਮਾਰੀਆਂ ਦਾ ਪ੍ਰਬੰਧ ਕਰਨਾ, ਬਕਾਇਆ ਪਏ ਮੈਡੀਕਲ ਬਿੱਲਾਂ ਦਾ ਭੁਗਤਾਨ ਕਰਨਾ, ਪੇਡੂ ਖੇਤਰਾਂ ਵਿੱਚ ਟੈਕਸਟ ਐਂਟਰੀ ਚਾਲੂ ਕਰਨਾ, ਪਟਵਾਰੀਆਂ ਦੀ ਤਨਖਾਹ ਦੀ ਤਰੁੱਟੀ ਦੂਰ ਕਰਨਾ ਆਦਿ ਮੰਗਾਂ ਦਾ ਕੋਈ ਮਸਲਾ ਹੱਲ ਨਹੀਂ ਕੀਤਾ ਗਿਆ ਹੈ, ਜਿਸ ਕਰਕੇ ਜਥੇਬੰਦੀ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਲਈ ਜਥੇਬੰਦੀ ਮੰਗ ਕਰਦੀ ਹੈ ਕਿ ਪਟਵਾਰੀਆਂ ਤੇ ਕਾਨੂੰਗੋਆਂ ਦੇ ਰੂਟੀਨ ਦੇ ਕੰਮ ਜਲਦ ਤੋਂ ਜਲਦ ਹੱਲ ਕੀਤੇ ਜਾਣ। ਧਰਨੇ ਦੌਰਾਨ ਚੇਤਾਵਨੀ ਦਿੱਤੀ ਕਿ ਜੇਕਰ 2 ਮਾਰਚ 2023 ਤੱਕ ਮਸਲੇ ਹੱਲ ਨਾ ਕੀਤੇ ਗਏ ਤਾਂ ਜ਼ਿਲ੍ਹੇ ਦੇ ਸਮੂਹ ਪਟਵਾਰੀ ਜ਼ਿਲ੍ਹਾ ਬਾਡੀ ਦੇ ਅਦੇਸ਼ ਮੁਤਾਬਕ ਦੁਬਾਰਾ ਫਿਰ 3 ਮਾਰਚ 2023 ਨੂੰ ਤਹਿਸੀਲ ਹੈੱਡਕੁਆਰਟਰ 'ਤੇ ਰੋਸ ਧਰਨਾ ਦੇਣਗੇ। ਇਸ ਨਾਲ ਹੋਣ ਵਾਲੇ ਨੁਕਸਾਨ ਦੀ ਜ਼ਿੰਮੇਵਾਰੀ ਜ਼ਿਲ੍ਹਾ ਪ੍ਰਸ਼ਾਸਨ ਦੀ ਹੋਵੇਗੀ।

ਪੰਜਾਬ ਸਰਕਾਰ ਵੱਲੋਂ ਪ੍ਰਾਇਮਰੀ ਸਿੱਖਿਆ ਦੀ ਅਣਦੇਖੀ

ਬੀ ਪੀ ਈ ਓਜ਼ ਦੀਆਂ ਪੋਸਟਾਂ ਸਰਕਾਰ ਤੁਰੰਤ ਭਰੇ : ਡੀ ਟੀ ਐੱਫ

ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)

ਪੰਜਾਬ ਦੀ ਆਪ ਸਰਕਾਰ ਇੱਕ ਪਾਸੇ ਦਿੱਲੀ ਮਾਡਲ ਦਾ ਗੁਣਗਾਨ ਕਰਦਿਆਂ ਸਿੱਖਿਆ ਵਿਭਾਗ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਉਣ ਦੇ ਦਾਅਵੇ ਕਰ ਰਹੀ ਹੈ, ਦੂਜੇ ਪਾਸੇ ਸਿੱਖਿਆ ਦੀ ਬੁਨਿਆਦੀ ਚੂਲ ਪ੍ਰਾਇਮਰੀ ਸਿੱਖਿਆ ਸਰਕਾਰੀ ਬੇਰੁਖੀ ਦਾ ਸ਼ਿਕਾਰ ਹੋ ਰਹੀ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਬਲਾਕ ਪ੍ਰਾਇਮਰੀ ਸਿੱਖਿਆ ਦਫਤਰਾਂ 'ਚ ਸਿੱਖਿਆ ਅਫਸਰਾਂ ਦੀਆਂ ਅਸਾਮੀਆਂ ਵੱਡੇ ਪੱਧਰ 'ਤੇ ਖਾਲੀ ਪਈਆਂ ਹਨ। ਜਾਣਕਾਰੀ ਮੁਤਾਬਕ ਮੁਕਤਸਰ ਜ਼ਿਲ੍ਹੇ ਦੇ 6 ਬਲਾਕਾਂ ਵਿੱਚੋਂ 3 ਬਲਾਕਾਂ 'ਚ ਅਸਾਮੀਆਂ ਖਾਲੀ, ਲੁਧਿਆਣਾ ਜ਼ਿਲ੍ਹੇ ਵਿੱਚ ਕੁੱਲ 19 ਬਲਾਕਾਂ 'ਚੋਂ 5 ਪੋਸਟਾਂ ਭਰੀਆਂ ਤੇ 14 ਖਾਲੀ ਹਨ, ਇਸੇ ਤਰ੍ਹਾਂ ਮਾਨਸਾ ਜ਼ਿਲ੍ਹੇ 'ਚ ਕੁੱਲ 5 ਅਸਾਮੀਆਂ 'ਚੋਂ ਕੇਵਲ ਇੱਕ ਹੀ ਆਸਾਮੀ ਭਰੀ ਹੋਈ ਹੈ, ਬਾਕੀ 4 ਖਾਲੀ ਹਨ। ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਸਕੱਤਰ ਬਲਬੀਰ ਲੌਂਗੋਵਾਲ ਨੇ ਸਰਕਾਰੀ ਬੇਰੁਖੀ ਦੀ ਸਖਤ ਸ਼ਬਦਾਂ 'ਚ ਆਲੋਚਨਾ ਕਰਦਿਆਂ ਕਿਹਾ ਕਿ ਸਿੱਖਿਆ ਵਿਭਾਗ 'ਚ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਅਹਿਮ ਕੜੀ ਵਜੋਂ ਕੰਮ ਕਰਦੇ ਹਨ, ਪ੍ਰੰਤੂ ਸਰਕਾਰ ਵੱਲੋਂ ਬੇਮਤਲਬ ਪਦਉਨਤੀਆਂ ਦੇ ਅਮਲ ਵਿੱਚ ਅੜਿੱਕੇ ਖੜੇ ਕਰਕੇ ਤਰੱਕੀ ਯਾਫਤਾ ਸੈਂਟਰ ਮੁੱਖ ਅਧਿਆਪਕਾਂ ਦੀਆਂ ਹੱਕੀ ਮੰਗਾਂ ਦਾ ਘਾਣ ਕੀਤਾ ਜਾ ਰਿਹਾ ਹੈ, ਉਥੇ ਪਹਿਲਾਂ ਕੰਮ ਕਰ ਰਹੇ ਬੀ ਪੀ ਈ ਓਜ਼ ਉੱਪਰ ਵੀ ਕੰਮ ਦਾ ਬੇਲੋੜਾ ਬੋਝ ਪਾਇਆ ਜਾ ਰਿਹਾ ਹੈ। ਸੀਨੀਅਰ ਮੀਤ ਪ੍ਰਧਾਨ ਸਰਵਣ ਸਿੰਘ ਔਜਲਾ ਤੇ ਮੀਤ ਪ੍ਰਧਾਨ ਸੁਖਵਿੰਦਰ ਸਿੰਘ ਸੁੱਖੀ ਨੇ ਕਿਹਾ ਕਿ ਇੱਕ ਪਾਸੇ। ਸਰਕਾਰ ਵੱਲੋਂ ਸਕੂਲ ਪ੍ਰਿੰਸੀਪਲਾਂ ਨੂੰ ਸਿੰਗਾਪੁਰ ਦੇ ਟੂਰ 'ਤੇ ਭੇਜ ਕੇ ਵਿੱਦਿਅਕ ਮਿਆਰ ਨੂੰ ਉੱਚਾ ਚੁੱਕਣ ਦੇ ਦਾਅਵੇ ਕੀਤੇ ਜਾ ਰਹੇ ਹਨ, ਦੂਜੇ ਪਾਸੇ ਸਕੂਲਾਂ 'ਚ ਪੀਅਨ, ਮਾਲੀ, ਚੌਕੀਦਾਰ ਦੀਆਂ ਅਸਾਮੀਆਂ ਖਤਮ ਕਰਕੇ ਪੰਜ ਹਜ਼ਾਰ ਰੁਪਏ ਘੰਟੀ ਦੀ ਗ੍ਰਾਂਟ ਦੇ ਕੇ ਬੁੱਤਾ ਸਾਰਿਆ ਦਾ ਰਿਹਾ ਹੈ। ਆਗੂਆਂ ਨੇ ਬਲਾਕ ਸਿੱਖਿਆ ਅਫਸਰਾਂ ਸਮੇਤ ਵਿਭਾਗ ਦੀਆਂ ਹਰ ਪੱਧਰ 'ਤੇ ਖਾਲੀ ਪੋਸਟਾਂ ਨੂੰ ਤੁਰੰਤ ਭਰਨ ਦੀ ਮੰਗ ਕਰਦਿਆਂ ਹਰ ਪੱਧਰ 'ਤੇ ਪ੍ਰਮੋਸ਼ਨ ਚੈਨਲ ਤੇਜ਼ੀ ਨਾਲ ਪੂਰਾ ਕਰਨ ਦੀ ਮੰਗ ਕੀਤੀ। ਇਸ ਸਮੇਂ ਸੂਬਾ ਪ੍ਰੈੱਸ ਸਕੱਤਰ ਗੁਰਮੀਤ ਕੋਟਲੀ, ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ, ਸੂਬਾ ਜਥੇਬੰਦਕ ਸਕੱਤਰ ਕਰਨੈਲ ਸਿੰਘ ਚਿੱਟੀ, ਸਮੇਤ ਲਖਵੀਰ ਸਿੰਘ ਹਰੀਕੇ, ਰੇਸਮ ਬਠਿੰਡਾ, ਸੁਖਪਾਲਜੀਤ ਮੋਗਾ, ਚਰਨਜੀਤ ਕਪੂਰਥਲਾ, ਮੈਡਮ ਜਗਵੀਰਨ ਕੌਰ, ਦਲਜੀਤ ਸਮਰਾਲਾ, ਬਲਰਾਮ ਸ਼ਰਮਾ ਫਿਰੋਜ਼ਪੁਰ, ਗਗਨ ਪਾਹਵਾ ਸਮੇਤ ਵੱਡੀ ਗਿਣਤੀ 'ਚ ਸੂਬਾ ਕਮੇਟੀ ਮੈਂਬਰ ਹਾਜ਼ਰ ਸਨ।

ਸ਼ਹਿਰ ਦੀਆਂ ਸੜਕਾਂ ਰੋਡ ਸੇਫ਼ਟੀ ਸਾਈਨ ਬੋਰਡ ਤੋਂ ਸੱਖਣੀਆਂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)-ਸਥਾਨਕ ਸ਼ਹਿਰ ਤੋਂ ਬਾਹਰ ਨੂੰ ਜਾਣ ਵਾਲੀਆਂ ਜ਼ਿਆਦਾਤਰ ਸੜਕਾਂ ਰੋਡ ਸੇਫ਼ਟੀ ਸਾਈਨ ਬੋਰਡ ਤੋਂ ਸੱਖਣੀਆਂ ਹਨ, ਜਿਸ ਕਾਰਨ ਰਾਹਗੀਰਾਂ ਤੇ ਵਾਹਨ ਚਾਲਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਹਾਲਾਂਕਿ ਟ੍ਰੈਫਿਕ ਨਿਯਮਾਂ ਅਨਸਾਰੁ ਰੋਡ ਸੇਫਟੀ ਸਾਈਨ ਬੋਰਡ ਇੱਕ ਮਹੱਤਵਪੂਰਨ ਪਾਰਟ ਅਦਾ ਕਰ ਸਕਦੇ ਹਨ, ਜੋ ਕਿ ਸੜਕ 'ਤੇ ਚੱਲਣ ਵਾਲੇ ਰਾਹਗੀਰਾਂ/ਵਾਹਨ ਚਾਲਕਾਂ ਦਾ ਮਾਰਗ ਦਰਸ਼ਨ ਕਰਦੇ ਹਨ। ਸ੍ਰੀ ਮੁਕਤਸਰ ਸਾਹਿਬ ਸ਼ਹਿਰ ਦੀਆਂ ਸੜਕਾਂ ਨਗਰ ਕੌਂਸਲ, ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ ਅਤੇ ਪੰਜਾਬ ਮੰਡੀ ਬੋਰਡ ਅਧੀਨ ਆਉਂਦੀਆਂ ਹਨ। ਸ੍ਰੀ ਮੁਕਤਸਰ ਸਾਹਿਬ ਸ਼ਹਿਰ ਤੋਂ ਕਾਫੀ ਸੜਕਾਂ ਪਿੰਡਾਂ ਨੂੰ ਜਾਂਦੀਆਂ ਹਨ, ਜੋ ਸ਼ਹਿਰ ਵਿੱਚੋਂ ਹੀ ਸ਼ੁਰੂ ਹੁੰਦੀਆਂ ਹਨ। ਇਨ੍ਹਾਂ ਉਪਰ ਸ਼ਹਿਰ ਵਿੱਚ ਦਾਖਲ ਹੋਣ ਲਈ ਤੇ ਸ਼ਹਿਰ ਤੋਂ ਬਾਹਰ ਜਾਣ ਲਈ ਦੂਰੋਂ ਆਉਣ ਵਾਲੇ ਰਾਹਗੀਰਾਂ/ਵਾਹਨ ਚਾਲਕਾਂ ਨੂੰ ਕਿਤੇ ਵੀ ਸੜਕ ਦਾ ਰੋਡ ਸੇਫਟੀ ਸਾਈਨ ਬੋਰਡ ਨਾ ਹੋਣ ਕਰਕੇ ਕਾਫੀ ਮੁਸ਼ਕਲ ਆਉਂਦੀ ਹੈ ਤੇ ਰਾਹਗੀਰ/ਵਾਹਨ ਚਾਲਕ ਦੁਚਿੱਤੀ ਵਿੱਚ ਰਹਿੰਦੇ ਹਨ। ਅਜਿਹਾ ਹੋਣ ਕਾਰਨ ਹਾਦਸਿਆਂ ਦਾ ਵੀ ਡਰ ਬਣਿਆ ਰਹਿੰਦਾ ਹੈ। ਇਨ੍ਹਾਂ ਵਿੱਚੋਂ ਮੋੜ ਰੋਡ, ਬਲਮਗੜ੍ਹ ਰੋਡ, ਭਾਗਸਰ ਰੋਡ, ਗੋਨਿਆਣਾ ਰੋਡ, ਡੇਰਾ ਮਸਤਾਨ ਸਿੰਘ ਰੋਡ, ਅਬੋਹਰ ਰੋਡ, ਦਰਬਾਰ ਸਾਹਿਬ ਨਾਕਾ ਨੰਬਰ 1, ਸ਼ੇਰ ਸਿੰਘ ਚੌਕ ਆਦਿ ਮੁੱਖ ਹਨ, ਜਿਨ੍ਹਾਂ ਤੋਂ ਸ਼ਹਿਰ ਤੋਂ ਬਾਹਰ ਜਾਣ ਨੂੰ ਜ਼ਿਆਦਾਤਰ ਸੜਕਾਂ ਨਿਕਲਦੀਆਂ ਹਨ। ਇਹ ਸਾਰੀਆਂ ਸੜਕਾਂ ਸੰਘਣੀ ਅਬਾਦੀ/ਬਜ਼ਾਰਾਂ ਤੋਂ ਨਿਕਲਦੀਆਂ ਹਨ, ਜਿਨ੍ਹਾਂ ਦਾ ਸ਼ਹਿਰ ਵਿੱਚ ਕੋਈ ਵੀ ਰੋਡ ਸੇਫਟੀ ਸਾਈਨ ਬੋਰਡ ਨਹੀਂ ਹੈ ਅਤੇ ਨਾ ਹੀ ਬਾਈਪਾਸ 'ਤੇ

ਕੋਈ ਸੜਕਾਂ ਦਾ ਸਾਈਨ ਬੋਰਡ ਹੈ। ਇਹ ਇੱਕ ਆਮ ਨਾਗਰਿਕ ਦੀ ਮੁੱਖ ਸਮੱਸਿਆ ਹੈ। ਟ੍ਰੈਫਿਕ ਨਿਯਮਾਂ ਅਧੀਨ ਇਹ ਬੋਰਡ ਲੱਗਣੇ ਜ਼ਰੂਰੀ ਹਨ, ਜਿਵੇਂ ਕਿ ਬਾਹਰ ਤੋਂ ਆਉਣ ਵਾਲੇ ਰਾਹਗੀਰਾਂ/ ਵਾਹਨ ਚਾਲਕਾਂ ਨੂੰ ਮੁਸ਼ਕਲ ਪੇਸ਼ ਨਾ ਆਵੇ। ਨੈਸ਼ਨਲ ਕੰਜ਼ਿਊਮਰ ਅਵੇਰਨੈੱਸ ਗਰੁੱਪ ਦੇ ਜ਼ਿਲ੍ਹਾ ਪ੍ਰਧਾਨ ਸ਼ਾਮ ਲਾਲ ਗੋਇਲ, ਬਲਦੇਵ ਸਿੰਘ ਬੇਦੀ, ਗੋਬਿੰਦ ਸਿੰਘ ਦਾਬੜਾ, ਭੰਵਰ ਲਾਲ ਸ਼ਰਮਾ, ਬਲਜੀਤ ਸਿੰਘ, ਜਸਵੰਤ ਸਿੰਘ ਬਰਾੜ, ਸੁਭਾਸ਼ ਚਗਤੀ, ਕਾਲਾ ਸਿੰਘ ਬੇਦੀ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਸਾਰੇ ਵਿਭਾਗਾਂ ਦੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਲੋੜੀਂਦੇ ਚੌਰਾਹੇ, ਤਿਕੋਣੀਆਂ ਸੜਕਾਂ 'ਤੇ ਰੋਡ ਸੇਫਟੀ ਸਾਈਨ ਬੋਰਡ ਜਲਦੀ ਲਾਏ ਜਾਣ।

ਕਾਤਰਾਂ

ਬਾਰ੍ਹਵੀਂ ਦੇ ਬੱਚਿਆਂ ਨੂੰ ਵਿਦਾਇਗੀ ਪਾਰਟੀ

ਬਾਘਾ ਪੁਰਾਣਾ (ਮਨੀ ਸਿਗਲਾ)-ਸੰਸਥਾ ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਨੇ ਬਾਰਵੀਂ ਕਲਾਸ ਦੇ ਬੱਚਿਆਂ ਨੂੰ ਸ਼ਾਨਦਾਰ ਵਿਦਾਇਗੀ ਪਾਰਟੀ ਦਿੱਤੀ। ਇਸ ਸਮੇਂ ਸਕੂਲ ਡਾਇਰੈਕਟਰ ਇੰਜ. ਜਗਦੀਪ ਸਿੰਘ ਬਰਾੜ, ਚੇਅਰਮੈਨ ਨਵਦੀਪ ਸਿੰਘ ਬਰਾੜ ਤੇ ਪ੍ਰਿੰਸੀਪਲ ਮੈਡਮ ਨਿਧੀ ਬਰਾੜ ਨੇ ਬੱਚਿਆਂ ਨਾਲ ਕੇਕ ਕੱਟਿਆ ਅਤੇ ਇਸ ਪਾਰਟੀ ਦੀ ਸ਼ੁਰੂਆਤ ਕੀਤੀ। ਇਸ ਸਮੇਂ ਬੱਚਿਆਂ ਨੇ ਭੰਗੜੇ, ਗਿੱਧੇ ਤੇ ਡਾਂਸ ਦੀਆਂ ਆਇਟਮਾਂ ਪੇਸ਼ ਕੀਤੀਆਂ ਅਤੇ ਖੂਬ ਅਨੰਦ ਮਾਣਿਆ। ਇਸ ਸਮੇਂ ਸਕੂਲ ਡਾਇਰੈਕਟਰ ਇੰਜ: ਜਗਦੀਪ ਸਿੰਘ ਬਰਾੜ ਨੇ ਬੱਚਿਆਂ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਇਹ ਸਮਾਂ ਬੜਾ ਹੀ ਅਜੀਬ ਹੁੰਦਾ ਹੈ। ਇਸ ਸਮੇਂ ਬੱਚਿਆਂ ਨੂੰ ਆਪਣੇ ਤੋਂ ਵਿਦਾਅ ਕਰਨ ਦਾ ਦੁੱਖ ਹੁੰਦਾ ਹੈ ਤੇ ਖੁਸ਼ੀ ਇਸ ਗੱਲ ਦੀ ਹੁੰਦੀ ਹੈ ਕਿ ਬੱਚੇ ਆਪਣੇ ਭਵਿੱਖ ਵਿੱਚ ਅੱਗੇ ਵਧਣ ਜਾ ਰਹੇ ਹਨ। ਉਨ੍ਹਾਂ ਬੱਚਿਆਂ ਨੂੰ ਕਿਹਾ ਕਿ ਉਹ ਹਮੇਸ਼ਾ ਉਨ੍ਹਾਂ ਦੇ ਨਾਲ ਹਨ। ਉਨ੍ਹਾਂ ਨੇ ਬੱਚਿਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ ਤੇ ਬੱਚਿਆਂ ਨੂੰ ਖੂਬ ਮਿਹਨਤ ਕਰਨ ਦੀ ਪ੍ਰੇਰਣਾ ਦਿੱਤੀ ਤਾਂ ਜੋ ਉਹ ਅੱਗੇ ਜਾ ਕੇ ਆਪਣੇ ਸਕੂਲ ਤੇ ਆਪਣੇ ਮਾਪਿਆਂ ਦਾ ਨਾਮ ਰੋਸ਼ਨ ਕਰ ਸਕਣ। ਇਸ ਸਮੇਂ ਮਿ: ਫੇਅਰਵੈੱਲ ਸਚਿਨ ਅਹੂਜਾ, ਮਿਸ ਫੇਅਰਵੈੱਲ ਗੁਰਕੀਰਤ ਕੌਰ ਨੂੰ ਐਲਾਨਿਆ ਗਿਆ।

ਅਧਿਆਪਕਾਂ ਨੇ ਟ੍ਰੇਨਿੰਗ ਦੌਰਾਨ ਟੀਚਿੰਗ ਲਰਨਿੰਗ ਮਟੀਰੀਅਲ ਕੀਤਾ ਤਿਆਰ

ਸੰਗਰੂਰ (ਪ੍ਰਵੀਨ ਸਿੰਘ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੀਲ ਕੋਠੀ ਵਿਖੇ ਤਿੰਨ ਦਿਨਾ ਟ੍ਰੇਨਿੰਗ ਦੌਰਾਨ ਆਈ.ਈ.ਵੀ. ਅਧਿਆਪਕਾਂ ਨੇ ਬੱਚਿਆਂ ਨੂੰ ਪੜ੍ਹਾਉਣ ਲਈ ਟੀਚਿੰਗ ਲਰਨਿੰਗ ਮਟੀਰੀਅਲ ਤਿਆਰ ਕੀਤਾ ਤਾਂ ਜੋ ਵਧੀਆ ਤਰੀਕੇ ਨਾਲ ਪੜ੍ਹਾਈ ਕਰਵਾਉਣ ਨਾਲ ਬੱਚਿਆਂ ਦੇ ਵਿਕਾਸ ਵਿੱਚ ਹੋਰ ਵਾਧਾ ਹੋਵੇਗਾ। ਟ੍ਰੇਨਿੰਗ ਕਰਨ ਵਾਲੇ ਆਈ.ਈ.ਵੀ. ਅਧਿਆਪਕਾਂ ਨੂੰ ਜ਼ਿਲ੍ਹਾ ਸਿੱਖਿਆ ਦਫਤਰ ਸੰਗਰੂਰ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਕਰਮਜੀਤ ਕੌਰ ਢਿੱਲੋਂ, ਗੁਰਮੀਤ ਕੌਰ, ਜਸਵੰਤ ਸਿੰਘ ਪੰਨੂੰ, ਕੁਲਵਿੰਦਰ ਸਿੰਘ ਨਾਭੂ, ਸੁਭਾਸ਼ ਗਨੋਟਾ, ਧਲਵੀਰ ਸਿੰਘ, ਸੁੱਖਵਿੰਦਰ ਸਿੰਘ, ਪਵਨ ਕੁਮਾਰ, ਹਰਦਿਆਲ ਕੌਰ, ਮਨਪ੍ਰੀਤ ਕੌਰ, ਦੀਪਕਾ, ਕੁਲਜੀਤ ਕੌਰ, ਜਗਜੀਤ ਸ਼ਰਮਾ, ਅਵਤਾਰ ਸਿੰਘ, ਹਰਦੀਪ ਸਿੰਘ, ਬਲਵੀਰ ਸਿੰਘ, ਗੁਰਲਾਲ ਸਿੰਘ, ਗੁਰਪ੍ਰੀਤ ਸਿੰਘ, ਗੁਰਮਿੰਦਰ ਸਿੰਘ, ਪ੍ਰਗਟ ਸਿੰਘ ਤੇ ਸਮੂਹ ਜ਼ਿਲ੍ਹੇ ਦੇ ਸਮੂਹ ਅਧਿਆਪਕ ਸਾਥੀ ਆਦਿ ਹਾਜ਼ਰ ਸਨ।

ਤਜਰਬਾ ਸਰਟੀਫਿਕੇਟ ਲਈ 240 ਦਿਨ ਦੀ ਪਾਲਿਸੀ ਨੂੰ ਸੋਧਿਆ ਜਾਵੇ : ਸਾਂਝਾ ਅਧਿਆਪਕ ਮੋਰਚਾ

ਮਾਨਸਾ (ਆਤਮਾ ਸਿੰਘ ਪਮਾਰ)-ਸਾਂਝਾ ਅਧਿਆਪਕ ਮੋਰਚਾ ਮਾਨਸਾ ਦੇ ਆਗੂਆਂ ਦਰਸ਼ਨ ਸਿੰਘ ਅਲੀਸ਼ੇਰ, ਗੁਰਦਾਸ ਸਿੰਘ ਰਾਏਪੁਰ, ਨਵਨੀਤ ਕੱਕੜ, ਵਿਜੇ ਬੁਢਲਾਡਾ ਨੇ ਇਕ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਕੱਚੇ ਅਧਿਆਪਕਾਂ ਨੂੰ ਰੈਗੂਲਰ ਕਰਨ ਲਈ ਤਜਰਬੇ ਵਾਲੀ ਬਣਾਈ ਇੱਕ ਸਾਲ ਵਿੱਚ 240 ਦਿਨ ਕੰਮ ਕਰਨ ਵਾਲੀ ਪਾਲਿਸੀ ਤਰਕਸੰਗਤ ਨਹੀਂ, ਜਿਸ ਨੂੰ ਜਥੇਬੰਦੀ ਵੱਲੋਂ ਮੁੱਢੋਂ ਹੀ ਨਕਾਰਿਆ ਜਾਂਦਾ ਹੈ। ਉਨ੍ਹਾਂ ਦਲੀਲ ਦਿੱਤੀ ਕਿ ਇਸ ਤਰ੍ਹਾਂ ਕਰਨ ਨਾਲ ਬਹੁਤ ਸਾਰੇ ਅਧਿਆਪਕ ਤਜਰਬੇ ਦੇ ਦਸ ਸਾਲ ਪੂਰੇ ਕਰਨ ਤੋਂ ਵਾਂਝੇ ਰਹਿ ਜਾਣਗੇ। ਉਨ੍ਹਾਂ ਕਿਹਾ ਕਿ ਇਸ ਗਲਤ ਪਾਲਿਸੀ ਨਾਲ ਅਧਿਆਪਕ ਇੱਕ ਸਾਲ ਹੋਰ ਬੇਰੁਜ਼ਗਾਰੀ ਦਾ ਸੰਤਾਪ ਭੋਗਣ ਲਈ ਮਜਬੂਰ ਹੋ ਜਾਣਗੇ। ਕਿਉਂਕਿ ਜਿਨ੍ਹਾਂ ਅਧਿਆਪਕਾਂ ਨੇ ਪਹਿਲੇ ਸਾਲ 'ਚ 230 ਦਿਨ ਕੰਮ ਕੀਤਾ ਹੈ ਅਤ

26-FEB-PAGE-1.qxd 2/25/2023 10:13 PM Page 2

ਲੋੜਵੰਦ ਵਿਧਵਾ ਔਰਤਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ

ਬਰੇਟਾ (ਗੋਬਿੰਦ ਸ਼ਰਮਾ/ਰੀਤਵਾਲ)- ਸਰਬਤ ਦਾ ਭਲਾ ਟਰੱਸਟ ਰਜਿ. ਪਟਿਆਲਾ ਦੇ ਸਰਪ੍ਰਸਤ ਡਾ. ਐੱਸ. ਪੀ. ਸਿੰਘ ਓਬਰਾਏ ਤੇ ਕੌਮੀ ਪ੍ਰਧਾਨ ਜੱਸਾ ਸਿੰਘ ਦੀ ਅਗਵਾਈ 'ਚ ਜ਼ਿਲ੍ਹਾ ਪ੍ਰਧਾਨ ਬਲਜਿੰਦਰ ਸਿੰਘ ਘਾਲੀ ਤੇ ਜ਼ਿਲ੍ਹਾ ਖਜ਼ਾਨਚੀ ਮਦਨ ਲਾਲ ਕੁਸ਼ਲਾ ਵੱਲੋਂ ਬਰੇਟਾ ਦੀਆਂ ਲੋੜਵੰਦ ਵਿਧਵਾ ਔਰਤਾਂ ਨੂੰ ਵਿੱਤੀ ਸਹਾਇਤਾ ਦੇ ਚੈੱਕ ਵੰਡੇ ਗਏ। ਬਿੰਗ ਹੋਪ ਫਾਊਂਡੇਸ਼ਨ ਦੇ ਪ੍ਰਧਾਨ ਮਨਿੰਦਰ ਕੁਮਾਰ ਨੇ ਦੱਸਿਆ ਕਿ ਇਲਾਕੇ ਵਿੱਚ ਵਸਦੀਆਂ ਲੋੜਵੰਦ ਵਿਧਵਾ ਔਰਤਾਂ ਦੀ ਸਹੂਲਤ ਲਈ ਹੋਰ ਵੀ ਉਪਰਾਲੇ ਕੀਤੇ ਜਾਣਗੇ। ਇਨ੍ਹਾਂ ਲੋੜਵੰਦ ਔਰਤਾਂ ਨੂੰ ਹਰ ਮਹੀਨੇ ਦੀ ਤਰ੍ਹਾਂ ਟਰੱਸਟ ਵੱਲੋਂ 500-500 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ ਤੇ ਟਰੱਸਟ ਵੱਲੋ ਇਲਾਕੇ ਦੀਆਂ ਹੋਰ ਲੋੜਵੰਦ ਵਿਧਵਾ ਔਰਤਾਂ ਨੂੰ ਵਿੱਤੀ ਸਹਾਇਤਾ ਦੇਣ ਦੇ ਉਪਰਾਲੇ ਕੀਤੇ ਜਾਣਗੇ। ਇਸ ਸਮੇਂ ਦਰਸ਼ਨ ਸਿੰਘ ਕੌਂਸਲਰ, ਸੰਸਥਾ ਦੇ ਸਲਾਹਕਾਰ ਸ਼ੰਕਰ ਕੁਮਾਰ, ਰਣਜੀਤ ਸਿੰਘ ਤੇ ਸਰਵਣ ਕੁਮਾਰ ਆਦਿ ਹਾਜ਼ਰ ਸਨ।

ਏ ਡੀ ਸੀ ਨੇ ਕੀਤਾ ਸਿਵਲ ਹਸਪਤਾਲ ਦਾ ਦੌਰਾ

ਤਪਾ ਮੰਡੀ (ਅਰੁਣ ਗੋਇਲ)-ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀਮਤੀ ਪੂਨਮਦੀਪ ਕੌਰ ਨੇ ਜ਼ਿਲ੍ਹੇ ਦੀਆਂ ਸਿਹਤ ਸੰਸਥਾਵਾਂ ਵਿੱਚ ਸਹੂਲਤਾਂ ਨੂੰ ਅੱਪਗ੍ਰੇਡ ਕਰਨ ਵਾਸਤੇ ਤਜਵੀਜ਼ ਤਿਆਰ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨਕ ਅਧਿਕਾਰੀਆਂ ਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਤਾਂ ਜੋ ਤਜਵੀਜ਼ ਪੰਜਾਬ ਸਰਕਾਰ ਨੂੰ ਭੇਜੀ ਜਾ ਸਕੇ। ਇਸ ਕੜੀ ਤਹਿਤ ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਲਵਜੀਤ ਕਲਸੀ ਵੱਲੋਂ ਸਿਵਲ ਹਸਪਤਾਲ ਤਪਾ ਦਾ ਦੌਰਾ ਕੀਤਾ ਗਿਆ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਹਿਲੇ ਪੜਾਅ 'ਚ ਜ਼ਿਲ੍ਹਾ ਹਸਪਤਾਲਾਂ, ਸਬ ਡਵੀਜ਼ਨਲ ਹਸਪਤਾਲ ਤੇ ਕਮਿਊਨਿਟੀ ਸਿਹਤ ਕੇਂਦਰਾਂ 'ਚ ਅਤਿ-ਆਧੁਨਿਕ ਸਹੂਲਤਾਂ ਵਾਸਤੇ ਤਜਵੀਜ਼ ਸਰਕਾਰ ਨੂੰ ਭੇਜੀ ਜਾਵੇਗੀ।

ਇਸ ਸਬੰਧੀ ਡਿਪਟੀ ਕਮਿਸ਼ਨਰ ਵੱਲੋਂ ਕਮੇਟੀਆਂ ਦਾ ਗਠਨ ਵੀ ਕੀਤਾ ਗਿਆ ਹੈ। ਇਸ ਮੌਕੇ ਐੱਸ ਐੱਮ ਓ ਤਪਾ ਡਾ. ਨਵਜੋਤਪਾਲ ਭੁੱਲਰ, ਐਕਸੀਅਨ ਪੀ ਡਬਲਿਊ ਡੀ ਕਮਲਜੀਤ ਬਰਾੜ ਤੇ ਹੋਰ ਟੀਮ ਮੈਂਬਰ ਹਾਜ਼ਰ ਸਨ।

ਐੱਸ ਐੱਫ ਸੀ ਕਾਨਵੈਂਟ ਸਕੂਲ 'ਚ ਮਾਤ ਭਾਸ਼ਾ ਦਿਵਸ ਮਨਾਇਆ

ਮੋਗਾ (ਅਮਰਜੀਤ ਬੱਬਰੀ)-ਐੱਸ ਐੱਫ ਸੀ ਕਾਨਵੈਂਟ ਸਕੂਲ ਜਲਾਲਾਬਾਦ ਮੋਗਾ ਵਿਖੇ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਇਆ ਗਿਆ। ਇਸ ਮੌਕੇ ਬੱਚਿਆਂ ਦੇ ਮਾਤ ਭਾਸ਼ਾ ਪੰਜਾਬੀ ਵਿੱਚ ਭਾਸ਼ਣ, ਚਾਰਟ ਮੇਕਿੰਗ ਤੇ ਕਵਿਤਾ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਮੌਕੇ ਸੁੰਦਰ ਲਿਖਾਰੀ ਦੇ ਮੁਕਾਬਲੇ ਵੀ ਕਰਵਾਏ ਗਏ। ਇਸ ਮੌਕੇ ਸਕੂਲ ਪ੍ਰਿੰਸੀਪਲ ਪਵਨਦੀਪ ਕੌਰ ਚਾਹਲ ਨੇ ਦੱਸਿਆ ਕਿ ਮਾਂ ਬੋਲੀ ਦਿਵਸ ਵਿਸ਼ੇਸ਼ ਦਿਵਸ ਹੈ, ਜੋ 21 ਫਰਵਰੀ ਨੂੰ ਭਾਸ਼ਾਈ ਤੇ ਸੱਭਿਆਚਾਰਕ ਅਤੇ ਭਾਸ਼ਾਈਵਾਦ ਨੂੰ ਉਤਸ਼ਾਹਤ ਕਰਨ ਲਈ ਮਨਾਇਆ ਜਾਂਦਾ ਹੈ। ਉਨ੍ਹਾ ਕਿਹਾ ਕਿ ਸਾਨੂੰ ਆਪਣੀ ਮਾਤ ਭਾਸ਼ਾ ਪੰਜਾਬੀ ਨਾਲ ਪਿਆਰ ਕਰਦੇ ਹੋਏ ਪੰਜਾਬੀ ਵਿੱਚ ਹੀ ਬੋਲਣਾ ਤੇ ਲਿਖਣਾ ਚਾਹੀਦਾ ਹੈ। ਇਸ ਮੌਕੇ ਕੁਆਰਡੀਨੇਟਰ ਮੈਡਮ ਜਸਵਿੰਦਰ ਕੌਰ ਤੇ ਪਾਰਥੀ ਮੈਡਮ ਨੇ ਵੀ ਬੱਚਿਆਂ ਨੂੰ ਮਾਂ ਬੋਲੀ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਸਕੂਲ ਡਾਇਰੈਕਟਰ ਅਭਿਸ਼ੇਕ ਜਿੰਦਲ ਨੇ ਬੱਚਿਆਂ ਨੂੰ ਇਸ ਦਿਨ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ ਅਤੇ ਬੱਚਿਆਂ ਨੂੰ ਆਪਣੀ ਮਾਤ ਭਾਸ਼ਾ ਵਿੱਚ ਗੱਲਬਾਤ ਕਰਨ ਲਈ ਪ੍ਰੇਰਿਤ ਕੀਤਾ।

'ਆਪ' ਸਰਕਾਰ ਨੇ ਭ੍ਰਿਸ਼ਟਾਚਾਰ ਦੀਆਂ ਸਾਰੀਆਂ ਹੱਦਾਂ ਕੀਤੀਆਂ ਪਾਰ : ਬੀਬਾ ਬਾਦਲ

ਭੀਖੀ (ਧਰਮਵੀਰ ਸ਼ਰਮਾ)-ਪਿੰਡ ਧਲੇਵਾਂ ਵਿਖੇ ਸੰਸਦ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ ਨੇ ਬੂਥ ਕਮੇਟੀ ਮੈਂਬਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਕਾਡਰ ਨੂੰ ਪਿੰਡ ਪੱਧਰ 'ਤੇ ਮਜਬੂਤ ਕਰਨ ਲਈ ਬੂਥ ਕਮੇਟੀਆਂ ਦਾ ਅਹਿਮ ਰੋਲ ਹੁੰਦਾ ਹੈ। ਇਸ ਲਈ ਇਹ ਕਮੇਟੀਆਂ ਘਰ-ਘਰ ਤੱਕ ਪਾਰਟੀ ਦੇ ਏਜੰਡੇ ਨੂੰ ਲੈ ਕੇ ਜਾਣ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਨੀਂਹ ਹੀ ਝੂਠ 'ਤੇ ਟਿਕੀ ਹੋਈ ਹੈ। ਲੋਕਾਂ ਨਾਲ ਬਦਲਾਅ ਦੇ ਵੱਡੇ-ਵੱਡੇ ਵਾਅਦੇ ਕਰਕੇ ਸੱਤਾ 'ਚ ਆਈ ਇਸ ਪਾਰਟੀ ਨੇ ਭ੍ਰਿਸ਼ਟਾਚਾਰ ਦੀਆਂ ਸਾਰੀਆਂ ਹੱਦਾਂ ਬੰਨ੍ਹੇ ਤੋੜ ਦਿੱਤੇ ਹਨ। ਰੋਜ ਇਸਦੇ ਵਿਧਾਇਕਾਂ ਵੱਲੋਂ ਕਿਸੇ ਨਾ ਕਿਸੇ ਭ੍ਰਿਸ਼ਟਾਚਾਰ 'ਚ ਸ਼ਾਮਿਲ ਹੋਣ ਦੀ ਖਬਰਾਂ ਲੋਕਾਂ ਨੂੰ ਮਿਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਲੋਕ ਹੁਣ ਇਸ ਪਾਰਟੀ ਦੀ ਸਰਕਾਰ ਬਣਾ ਕੇ ਪਛਤਾਅ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਸਮੇਂ ਸੂਬੇ ਨੇ ਹਰ ਖੇਤਰ 'ਚ ਵਿਕਾਸ ਕੀਤਾ ਹੈ। ਇਸ ਮੌਕੇ ਪਾਰਟੀ ਦੇ ਹਲਕਾ ਇੰਚਾਰਜ ਪ੍ਰੇਮ ਕੁਮਾਰ ਅਰੋੜਾ, ਹਨੀਸ਼ ਬਾਂਸਲ, ਗੁਰਪ੍ਰੀਤ ਸਿੰਘ ਚਹਿਲ, ਬਲਜੀਤ ਸਿੰਘ ਅਤਲਾ, ਯੂਥ ਆਗੂ ਹਰਵਿੰਦਰ ਸਿੰਘ ਧਲੇਵਾਂ, ਸਤਿੰਦਰਜੀਤ ਸਿੰਘ ਬੇਟੂ ਮਾਨਸ਼ਾਹੀਆਂ, ਕੁਲਸ਼ੇਰ ਸਿੰਘ ਰੂਬਲ, ਕੁਲਵੰਤ ਸਿੰਘ ਹੀਰੋਂ ਕਲਾਂ ਤੇ ਜਰਨੈਲ ਸਿੰਘ ਹੀਰੋਂ ਕਲਾਂ ਆਦਿ ਹਾਜ਼ਰ ਸਨ।

30 ਲੋੜਵੰਦ ਪਰਵਾਰਾਂ ਨੂੰ ਦਿੱਤੇ ਆਰਥਿਕ ਸਹਾਇਤਾ ਦੇ ਚੈੱਕ

ਤਲਵੰਡੀ ਭਾਈ (ਬਹਾਦਰ ਸਿੰਘ ਭੁੱਲਰ)-ਸਮਾਜ ਸੇਵੀ ਡਾ. ਸੁਰਿੰਦਰਪਾਲ ਸਿੰਘ ਓਬਰਾਏ ਵੱਲੋਂ ਚਲਾਈ ਜਾ ਰਹੀ ਸਮਾਜ ਸੇਵੀ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਤਲਵੰਡੀ ਭਾਈ ਵਿੱਚ ਕਰਾਏ ਗਏ ਇੱਕ ਸਾਦਾ ਸਮਾਗਮ ਦੌਰਾਨ ਤਲਵੰਡੀ ਭਾਈ ਤੇ ਮੁੱਦਕੀ ਇਲਾਕਿਆਂ ਨਾਲ ਸਬੰਧਤ 30 ਜ਼ਰੂਰਤਮੰਦ, ਵਿਧਵਾਵਾਂ ਤੇ ਅੰਗਹੀਣ ਪਰਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਗਏ। ਇਹ ਚੈੱਕ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ ਤੇ ਭਰਪੂਰ ਸਿੰਘ ਸਮੇਤ ਹੋਰ ਮੈਂਬਰਾਂ ਵੱਲੋਂ ਵੰਡੇ ਗਏ। ਸੰਸਥਾ ਦੀ ਇਸਤਰੀ ਵਿੰਗ ਜ਼ਿਲ੍ਹਾ ਪ੍ਰਧਾਨ ਮੈਡਮ ਅਮਰਜੀਤ ਕੌਰ ਛਾਬੜਾ ਨੇ ਦੱਸਿਆ ਕਿ ਸੰਸਥਾ ਦੇ ਬਾਨੀ ਡਾ. ਓਬਰਾਏ ਵੱਲੋਂ ਲੋਕ ਭਲਾਈ ਦੇ ਕਈ ਹੋਰ ਕਾਰਜ ਸ਼ੁਰੂ ਕੀਤੇ ਹੋਏ ਹਨ, ਜਿਨ੍ਹਾਂ ਵਿੱਚ ਲੋੜਵੰਦਾਂ, ਅੰਗਹੀਣਾਂ ਤੇ ਵਿਧਵਾਵਾਂ ਨੂੰ ਮਹੀਨਾਵਾਰ ਪੈਨਸ਼ਨਾਂ, ਹੁਸ਼ਿਆਰ ਤੇ ਲੋੜਵੰਦ ਵਿਦਿਆਰਥੀਆਂ ਦੀਆਂ ਫ਼ੀਸਾਂ, ਮੈਡੀਕਲ ਸਹਾਇਤਾ, ਕਈ ਤਰ੍ਹਾਂ ਦੇ ਹੱਥੀਂ ਹੁਨਰ ਵਾਲੇ ਸਿਖਲਾਈ ਕੋਰਸ ਸਕੂਲਾਂ ਤੇ ਜਨਤਕ ਸਥਾਨਾਂ ਤੇ ਸਾਫ਼ ਪਾਣੀ ਵਾਲੇ ਆਰ.ਓ ਲਾਏ ਜਾਂਦੇ ਹਨ। ਇਸ ਮੌਕੇ ਨਰਿੰਦਰ ਕੁਮਾਰ ਬੇਰੀ ਕੈਸ਼ੀਅਰ, ਸੰਜੀਵ ਬਜਾਜ ਜਨਰਲ ਸਕੱਤਰ, ਸੁਖਜੀਤ ਸਿੰਘ ਹਰਾਜ, ਲਖਵਿੰਦਰ ਸਿੰਘ ਕਰਮੂਵਾਲਾ ਤੇ ਹੋਰ ਪਤਵੰਤੇ ਵੀ ਮੌਜੂਦ ਸਨ।

ਭਲਾਈਆਣਾ ਸਕੂਲ 'ਚ ਸ਼ਹੀਦ ਫਲਾਇਟ ਲੈਫ. ਮਨੂੰ ਅਖੌਰੀ ਦਾ ਜਨਮ ਦਿਨ ਮਨਾਇਆ

ਦੋਦਾ (ਵਕੀਲ ਬਰਾੜ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਲਾਈਆਣਾ ਦੇ ਸਮੂਹ ਸਟਾਫ ਵੱਲੋਂ ਸ਼ਹੀਦ ਫਲਾਇਟ ਲੈਫ. ਮਨੂੰ ਅਖੌਰੀ ਦਾ ਜਨਮ ਦਿਨ ਮਨਾਇਆ (ਜੋ ਮਿਗ ਹਵਾਈ ਜਹਾਜ਼ ਹਾਦਸੇ ਦੌਰਾਨ ਭਲਾਈਆਣਾ ਵਿਖੇ ਸ਼ਹੀਦ ਹੋ ਗਿਆ ਸੀ) ਗਿਆ। ਇਸ ਮੌਕੇ ਉਨ੍ਹਾਂ ਦੇ ਪਿਤਾ ਕਰਨਲ ਸੰਜੈ ਅਖੌਰੀ, ਮਾਤਾ ਨੀਰਾਂ ਅਖੌਰੀ, ਪਿੰਡ ਦੀ ਸਮੁੱਚੀ ਪੰਚਾਇਤ, ਸੈਨਿਕ ਭਲਾਈ ਕਲੱਬ ਦੇ ਮੈਂਬਰਾਂ ਵੱਲੋਂ ਸ਼ਾਮੂਲੀਅਤ ਕੀਤੀ। ਅਖੌਰੀ ਪਰਿਵਾਰ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਕੂਲ ਦੀ ਦਸਵੀਂ ਤੇ ਬਾਰਵੀਂ ਜਮਾਤ ਵਿੱਚੋਂ ਪਹਿਲੇ ਤੇ ਦੂਜੇ ਸਥਾਨ ਉਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ ਅਤੇ ਸਕੂਲ ਮੁਖੀ ਵੱਲੋਂ ਸਨੇਹ ਲਤਾ ਵੱਲੋਂ ਲੈਫ. ਮਨੂੰ ਅਖੌਰੀ ਦੇ ਜੀਵਨ 'ਤੇ ਚਾਨਣਾ ਪਾਇਆ ਅਤੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਵੋਕੇਸ਼ਨਲ ਟ੍ਰੇਨਰ ਸਾਬਕਾ ਸੈਨਿਕ ਸਤਪਾਲ ਸਿੰਘ ਬਰਕੰਦੀ ਨੇ ਨਿਭਾਈ। ਸਮੂਹ ਸਟਾਫ ਵੱਲੋਂ ਸ਼ਹੀਦ ਅਖੌਰੀ ਦੇ ਮਾਤਾ-ਪਿਤਾ ਦਾ ਸਨਮਾਨ ਕੀਤਾ ਗਿਆ।

2100 ਸਹਾਇਕ ਲਾਈਨਮੈਨਾਂ ਨੂੰ ਜਲਦ ਨਿਯੁਕਤੀ ਪੱਤਰ ਜਾਰੀ ਕਰੇ ਸਰਕਾਰ : ਸੂਬਾ ਪ੍ਰਧਾਨ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਅਪ੍ਰੈਂਟਿਸ਼ ਲਾਈਨਮੈਨ ਯੂਨੀਅਨ ਪੰਜਾਬ ਜ਼ਿਲ੍ਹਾ ਫ਼ਿਰੋਜ਼ਪੁਰ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਫ਼ਿਰੋਜ਼ਪੁਰ ਵਿਖੇ ਸੂਬਾ ਪ੍ਰਧਾਨ ਰਾਕੇਸ਼ ਕੁਮਾਰ ਤੇ ਜਗਸੀਰ ਸਿੰਘ ਮਲੇਰਕੋਟਲਾ, ਗੁਰਪ੍ਰੀਤ ਸਿੰਘ ਫ਼ਿਰੋਜ਼ਪੁਰ ਦੀ ਅਗਵਾਈ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਰਾਕੇਸ਼ ਕੁਮਾਰ ਨੇ ਕਿਹਾ ਕਿ ਅਪ੍ਰੈਂਟਿਸ਼ ਲਾਈਨਮੈਨ ਯੂਨੀਅਨ ਪੰਜਾਬ ਵੱਲੋਂ ਕੀਤੇ ਸੰਘਰਸ਼ ਦੀ ਬਦੌਲਤ ਪਾਵਰਕਾਮ ਵਿੱਚ 2100 ਸਹਾਇਕ ਲਾਈਨਮੈਨਾਂ ਦੀਆਂ ਅਸਾਮੀਆਂ ਭਰਨ ਦਾ ਪੰਜਾਬ ਸਰਕਾਰ ਤੋਂ 2022 ਵਿੱਚ ਇਸ਼ਤਿਹਾਰ ਜਾਰੀ ਕਰਵਾਇਆ ਸੀ, ਜਿਸ ਦਾ 2 ਨਵੰਬਰ 2022 ਨੂੰ ਲਿਖਤੀ ਟੈਸਟ ਹੋਇਆ ਸੀ ਤੇ 5 ਦਸੰਬਰ 2022 ਨੂੰ ਨਤੀਜਾ ਆਇਆ ਸੀ ਅਤੇ ਤਕਰੀਬਨ ਸਾਰੇ ਉਮੀਦਵਾਰਾਂ ਨੇ ਟੈਸਟ ਪਾਸ ਵੀ ਕਰ ਲਿਆ ਹੈ, ਉਸ ਤੋਂ ਬਾਅਦ ਪਾਵਰਕਾਮ ਦੀ ਮੈਨੇਜਮੈਂਟ ਵੱਲੋਂ ਪੰਜਾਬ ਦੇ ਪੰਜ ਜ਼ੋਨਾਂ ਵਿੱਚ ਉੱਚ ਅਫ਼ਸਰਾਂ ਦੀਆਂ ਪੰਜ ਕਮੇਟੀਆਂ ਗਠਿਤ ਕਰਕੇ ਸਾਰੇ 2100 ਉਮੀਦਵਾਰਾਂ ਦੇ 30 ਜਨਵਰੀ 2023 ਤੱਕ ਅਸਲ ਸਰਟੀਫਿਕੇਟ ਵੀ ਚੈੱਕ ਕਰ ਲਏ ਹਨ। ਜਗਸੀਰ ਸਿੰਘ ਮਲੇਰਕੋਟਲਾ ਨੇ ਕਿਹਾ ਕਿ 30 ਜਨਵਰੀ ਨੂੰ ਅਸਲ ਸਰਟੀਫਿਕੇਟ ਚੈੱਕ ਕਰਨ ਤੋਂ ਬਾਅਦ ਅੱਜ ਤਕਰੀਬਨ 23 ਦਿਨ ਬੀਤ ਚੁੱਕੇ ਹਨ ਤੇ ਹੁਣ ਤੱਕ ਪਾਵਰਕਾਮ ਦੀ ਮੈਨੇਜਮੈਂਟ ਨੇ ਮੈਰਿਟ ਸੂਚੀ ਜਾਰੀ ਨਹੀਂ ਕੀਤੀ। ਉਨ੍ਹਾਂ ਪਾਵਰਕਾਮ ਦੀ ਮੈਨੇਜਮੈਂਟ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਹ 2100 ਸਹਾਇਕ ਲਾਈਨਮੈਨਾਂ ਦੀ ਮੈਰਿਟ ਸੂਚੀ ਜਾਰੀ ਕਰਕੇ ਜਲਦੀ ਤੋਂ ਜਲਦੀ ਨਿਯੁਕਤੀ ਪੱਤਰ ਜਾਰੀ ਕਰੇ ਤਾਂ ਜੋ ਸਾਥੀਆਂ ਨੂੰ ਰੁਜ਼ਗਾਰ ਮਿਲ ਸਕੇ। ਇਸ ਮੌਕੇ ਗੁਰਪ੍ਰੀਤ ਸਿੰਘ, ਕੁਲਵਿੰਦਰ ਸਿੰਘ, ਨਵਜੀਤ ਤਰਨਤਾਰਨ, ਹਰਪ੍ਰੀਤ ਸਿੰਘ, ਗੁਰਪ੍ਰੀਤ ਕਮੱਗਰ, ਗੁਰਜੀਤ ਭਾਲਾ, ਗੁਰਬਿੰਦਰ ਮੱਲਵਾਲ, ਸੰਜੀਵ ਕੁਮਾਰ, ਅਰੁਣ ਆਦਿ ਹਾਜ਼ਰ ਸਨ।

ਅਗਨੀਵੀਰ ਭਰਤੀ ਲਈ 15 ਮਾਰਚ ਤੱਕ ਕੀਤਾ ਜਾ ਸਕਦੈ ਆਨਲਾਈਨ ਅਪਲਾਈ

ਗੁਰਦਾਸਪੁਰ (ਜਨਕ ਮਹਾਜਨ)

ਏਆਰਓ ਅੰਮ੍ਰਿਤਸਰ ਵਲੋਂ 3 ਜ਼ਿਲ੍ਹਿਆ ਅੰਮ੍ਰਿਤਸਰ, ਗੁਰਦਾਸਪੁਰ ਅਤੇ ਪਠਾਨਕੋਟ ਦੇ ਉਮੀਦਵਾਰਾਂ ਲਈ ਭਾਰਤੀ ਫ਼ੌਜ ਵਿੱਚ ਭਰਤੀ ਕੀਤੀ ਜਾ ਰਹੀ ਹੈ ਜਿਸ ਸਬੰਧੀ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਡਾ. ਨਿਧੀ ਕੁਮੁਦ ਬਾਮਬਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਉਮੀਦਵਾਰ ਜੋ ਕਿ ਭਾਰਤੀ ਸੈਨਾ ਵਿੱਚ ਭਰਤੀ ਹੋਣਾ ਚਾਹੁੰਦੇ ਹਨ, ਉਨ੍ਹਾਂ ਵਲੋਂ ਸਭ ਤੋਂ ਪਹਿਲਾਂ ਆਰਮੀ ਦੀ ਵੈੱਬਸਾਈਟ www.joinindian-army.nic.in 'ਤੇ ਜਾ ਕੇ ਆਪਣੇ ਆਪ ਨੂੰ ਰਜਿਸਟਰਡ ਕੀਤਾ ਜਾਵੇ।

ਉਨ੍ਹਾਂ ਦੱਸਿਆ ਕਿ ਰਜਿਸਟ੍ਰੇਸ਼ਨ ਕਰਨ ਦੀ ਮਿਤੀ 16 ਫਰਵਰੀ 2023 ਤੋਂ 15 ਮਾਰਚ 2023 ਤੱਕ ਹੈ।

ਵਰਦੀਆਂ ਦੀ ਖਰੀਦ 'ਚ ਬੇਨਿਯਮੀਆਂ ਸੰਬੰਧੀ ਵਫਦ ਐੱਸ ਡੀ ਐੱਮ ਨੂੰ ਮਿਲਿਆ

ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)-ਸੰਗਰੂਰ ਜ਼ਿਲ੍ਹੇ ਦੇ ਕੁਝ ਬੀ.ਪੀ.ਈ. ਓਜ਼ ਵੱਲੋਂ ਵਿਭਾਗੀ ਹਦਾਇਤਾਂ ਤੋਂ ਉਲਟ ਜਾ ਕੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਪ੍ਰੀ-ਪ੍ਰਾਇਮਰੀ ਬੱਚਿਆਂ ਦੀ ਵਰਦੀ ਆਪਣੇ ਪੱਧਰ 'ਤੇ ਖ਼ੀਦਣ ਤੇ ਇਸ 'ਚ ਵੱਡੀ ਘਪਲੇਬਾਜ਼ੀ ਹੋਣ ਦੀ ਪਿਛਲੇ ਦਿਨੀਂ ਡੀ ਸੀ ਸੰਗਰੂਰ ਨੂੰ ਦਿੱਤੀ ਸ਼ਿਕਾਇਤ ਸਬੰਧੀ ਡੀ.ਟੀ.ਐੱਫ. ਦਾ ਵਫਦ ਜ਼ਿਲ੍ਹਾ ਪ੍ਰਧਾਨ ਬਲਬੀਰ ਚੰਦ ਲੌਂਗੋਵਾਲ ਦੀ ਅਗਵਾਈ ਵਿੱਚ ਐੱਸ.ਡੀ.ਐੱਮ. ਸੰਗਰੂਰ ਮੈਡਮ ਨਵਰੀਤ ਕੌਰ ਸੇਖੋਂ ਨੂੰ ਮਿਲਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਥੇਬੰਦੀ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਜਸਬੀਰ ਨਮੋਲ ਨੇ ਕਿਹਾ ਕਿ ਇਸ ਸਾਲ ਦੇ ਸ਼ੁਰੂ ਵਿੱਚ ਸਕੂਲ ਸਿੱਖਿਆ ਵਿਭਾਗ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ 'ਚ ਪੜ੍ਹਦੇ ਪ੍ਰੀ-ਪ੍ਰਾਇਮਰੀ ਦੇ ਬੱਚਿਆਂ ਨੂੰ ਸਕੂਲ ਪੱਧਰ 'ਤੇ ਮੁਫਤ ਵਰਦੀ ਮੁਹੱਈਆ ਕਰਵਾਉਣ ਲਈ ਗਰਾਂਟ ਜਾਰੀ ਕੀਤੀ ਸੀ। ਵਿਭਾਗ ਦੀਆਂ ਸਪੱਸ਼ਟ ਹਦਾਇਤਾਂ ਹਨ ਕਿ ਵਰਦੀਆਂ ਦੀ ਖਰੀਦ ਸਕੂਲ ਦੀ ਮੈਨੇਜਮੈਂਟ ਕਮੇਟੀ ਨੇ ਕਰਨੀ ਹੈ ਤੇ ਜ਼ਿਲ੍ਹਾ ਸਿੱਖਿਆ ਅਫਸਰ ਜਾਂ ਬਲਾਕ ਸਿੱਖਿਆ ਅਫਸਰ ਕਿਸ

26-FEB-2023-page-11.qxd 2/25/2023 10:28 PM Page 1

ਦੀਨਾਨਗਰ 'ਚ ਲੱਗਣਗੀਆਂ ਰੌਣਕਾਂ, ਸੱਭਿਆਚਾਰਕ ਮੇਲਾ ਅੱਜ

ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ) - ਦੀਨਾਨਗਰ ਸੱਭਿਆਚਾਰਕ ਮੰਚ (ਰਜਿ:) ਵੱਲੋਂ ਇਲਾਕੇ ਦੇ ਸੂਫ਼ੀ ਗਾਇਕ ਉਸਤਾਦ ਪ੍ਰੀਤਮ ਮਜੋਤਰਾ ਅਤੇ ਗਾਇਕ ਕੁਲਦੀਪ ਬਿੱਟੂ ਦੀ ਯਾਦ ਵਿੱਚ 6ਵਾਂ ਸੱਭਿਆਚਾਰਕ ਮੇਲਾ 26 ਫਰਵਰੀ ਦਿਨ ਐਤਵਾਰ ਨੂੰ ਦੁਸਹਿਰਾ ਗਰਾਊਂਡ ਵਿੱਚ ਕਰਵਾਇਆ ਜਾ ਰਿਹਾ ਹੈ ਜਿਸਦਾ ਉਦਘਾਟਨ ਸਾਬਕਾ ਕੈਬਨਿਟ ਮੰਤਰੀ ਤੇ ਮੌਜੂਦਾ ਵਿਧਾਇਕਾ ਅਰੁਨਾ ਚੌਧਰੀ ਕਰਨਗੇ। ਮੇਲੇ ਦੇ ਵਿਸ਼ੇਸ਼ ਮਹਿਮਾਨ ਸੀਨੀਅਰ ਕਾਂਗਰਸ ਨੇਤਾ ਅਸ਼ੋਕ ਚੌਧਰੀ ਹੋਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਪ੍ਰਬੰਧਕ ਜੀਵਨ ਬੈਰੀ, ਮੇਲਾ ਕਮੇਟੀ ਪ੍ਰਧਾਨ ਸਾਬੀ ਸਾਗਰ ਅਤੇ ਵਾਈਸ ਪ੍ਰਧਾਨ ਰਾਜ ਕੁਮਾਰ ਰਾਜਾ ਨੇ ਦੱਸਿਆ ਕਿ ਮੇਲੇ ਦੌਰਾਨ ਮੁੱਖ ਕਲਾਕਾਰ ਵਜੋਂ ਇੰਟਰਨੈਸ਼ਨਲ ਗਾਇਕ ਤੇ ਪੰਜਾਬੀ ਫ਼ਿਲਮਾਂ ਦੇ ਐਕਟਰ ਸੁਰਿੰਦਰ ਸ਼ਿੰਦਾ ਸ਼ਾਮਲ ਹੋਣਗੇ ਜਦਕਿ ਜ਼ੀਟੀ ਸਾਰੇਗਾਮਾਪਾ ਦੇ ਕਲਾਕਾਰ ਹਰਸ਼ ਸਿਕੰਦਰ, ਗਾਇਕ ਬਲਬੀਰ ਬੀਰਾ, ਤੁਸ਼ਾਰ ਬੀ, ਗਾਇਕਾ ਪਾਰੁਲ ਕਸ਼ਯਪ ਜੰਮੂ, ਮਸ਼ਹੂਰ ਕੱਵਾਲ ਬਿੱਲਾ ਗੁਰਦਾਸਪੁਰੀ-ਸਾਬੂ ਖ਼ਾਨ, ਮਾਸਟਰ ਦਿਆ ਰਾਮ, ਹੇਮੰਤ ਮਜੋਤਰਾ, ਅਜੇ ਕੁਮਾਰ ਅਤੇ ਵਿਨੋਦ ਕੁਮਾਰ ਆਪਣੀ ਗਾਇਕੀ ਦੇ ਜੌਹਰ ਦਿਖਾਉਣਗੇ। ਪ੍ਰਧਾਨ ਸਾਬੀ ਸਾਗਰ ਨੇ ਦੱਸਿਆ ਕਿ ਇਨ੍ਹਾਂ ਤੋਂ ਇਲਾਵਾ ਮਹਿਮਾਨ ਕਲਾਕਾਰਾਂ ਵਜੋਂ ਪ੍ਰਸਿੱਧ ਗਾਇਕ ਹੰਸ ਰਾਜ ਹੰਸ ਦੇ ਸ਼ਾਗਿਰਦ ਦਿਲਸ਼ੇਰ ਹੰਸ ਕਠੂਆ, ਅਮਨ ਜੰਜੂਆ, ਗਾਇਕ ਰਮਨ ਸਿਤਾਰਾ ਅੰਮ੍ਰਿਤਸਰ, ਸ਼ਸ਼ੀ ਕੁਮਾਰ ਅਤੇ ਦੇਸਾ ਪਠਾਨਕੋਟੀਆ ਵੀ ਹਾਜ਼ਰੀ ਲਗਵਾਉਣਗੇ। ਉਨ੍ਹਾਂ ਦੱਸਿਆ ਕਿ ਪ੍ਰਸਿੱਧ ਐਂਕਰ ਹੀਰਾ ਲਾਲ ਪਠਾਨਕੋਟ ਅਤੇ ਰਮੇਸ਼ ਕਲੋਤਰਾ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਨਿਭਾਉਣਗੇ। ਉਨ੍ਹਾਂ ਦੱਸਿਆ ਕਿ ਮੇਲੇ ਵਿੱਚ ਨਗਰ ਕੌਂਸਲ ਪ੍ਰਧਾਨ ਨੀਟੂ ਚੌਹਾਨ, ਵਾਈਸ ਪ੍ਰਧਾਨ ਪ੍ਰਵੀਨ ਬਾਬਾ, ਬਲਾਕ ਸੰਮਤੀ ਚੇਅਰਮੈਨ ਹਰਵਿੰਦਰ ਸਿੰਘ ਭੱਟੀ, ਸ਼੍ਰੀ ਬ੍ਰਾਹਮਣ ਸਭਾ ਯੂਥ ਵਿੰਗ ਦੇ ਪੰਜਾਬ ਪ੍ਰਧਾਨ ਡਾ. ਸੋਨੂੰ ਸ਼ਰਮਾ, ਅਖਿਲ ਭਾਰਤੀ ਹਿੰਦੂ ਸੁਰੱਖਿਆ ਸਮਿਤੀ ਪੰਜਾਬ ਦੇ ਉਪ ਪ੍ਰਧਾਨ ਡਾ. ਹਰੀਦੇਵ ਅਗਨੀਹੋਤਰੀ ਅਤੇ ਕੌਂਸਲਰ ਡਾ. ਸਾਹਿਲ ਰੇਹਾਨ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਾਮਲ ਹੋਣਗੇ।

ਯੁਵਕ ਸਿਖਲਾਈ ਵਰਕਸ਼ਾਪ 'ਚ ਗੁਰਦਾਸਪੁਰ ਤੋਂ 7 ਨੌਜਵਾਨ ਸ਼ਾਮਲ

ਗੁਰਦਾਸਪੁਰ, (ਜਨਕ ਮਹਾਜਨ)-ਯੁਵਕ ਸੇਵਾਵਾਂ ਵਿਭਾਗ ਪੰਜਾਬ ਵਲੋਂ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿੱਚ ਨੌਜਵਾਨਾਂ ਵਿੱਚ ਲੀਡਰਸ਼ਿਪ ਯੋਗਤਾ ਪੈਦਾ ਕਰਨ ਦੇ ਉਦੇਸ਼ ਨਾਲ 5 ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਜ਼ਿਲ੍ਹਾ ਗੁਰਦਾਸਪੁਰ ਤੋਂ ਵੀ 7 ਨੌਜਵਾਨ ਸ਼ਾਮਲ ਹੋਏ। ਯੁਵਕ ਸੇਵਾਵਾਂ ਵਿਭਾਗ ਦੇ ਸਹਾਇਕ ਡਾਇਰੈਕਟਰ ਰਵੀ ਦਾਰਾ ਨੇ ਦੱਸਿਆ ਕਿ ਇਸ ਯੂਥ ਵਰਕਸ਼ਾਪ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਤੋ ਦੂਰ ਰੱਖਣ ਲਈ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਤੋਂ ਇਲਾਵਾ ਨਿੱਤ ਸਵੇਰੇ ਯੋਗਾ ਕਲਾਸ ਲਾਈਆਂ ਗਈਆਂ ਅਤੇ ਵੱਖ-ਵੱਖ ਜ਼ਿਲ੍ਹਿਆਂ ਤੋ ਆਏ ਹੋਏ ਨੌਜਵਾਨਾਂ ਦੀ ਪੰਜਾਬ ਨੂੰ ਖੁਸ਼ਹਾਲ ਬਣਾਉਣ ਲਈ ਵਿਚਾਰ ਚਰਚਾ ਵੀ ਕਰਵਾਈ ਗਈ।

ਖੇਤਾਂ ਨੂੰ ਗਏ ਬਜ਼ੁਰਗ ਦੀ ਡਿੱਗਣ ਕਾਰਨ ਮੌਤ

ਗੁਰਦਾਸਪੁਰ (ਜਨਕ ਮਹਾਜਨ)-ਪੁਲਸ ਸਟੇਸ਼ਨ ਪੁਰਾਣਾ ਸ਼ਾਲਾ ਅੰਦਰ ਪੈਂਦੇ ਪਿੰਡ ਮੱਲੋਵਾਲ ਦੇ ਇਕ ਬਜ਼ੁਰਗ ਦੀ ਭੇਤ ਭਰੇ ਹਾਲਾਤ ਵਿਚ ਮੌਤ ਹੋਣ ਦੀ ਖਬਰ ਮਿਲੀ ਹੈ। ਥਾਣਾ ਮੁਖੀ ਪੁਰਾਣਾ ਸ਼ਾਲਾ ਸਬ ਇਸਪੈਕਟਰ ਹਰਮਿੰਦਰ ਸਿੰਘ ਨੇ ਦੱਸਿਆ ਕਿ ਬਜ਼ੁਰਗ ਬਚਨ ਸਿੰਘ ਪੁੱਤਰ ਬਲਵੰਤ ਸਿੰਘ ਆਪਣੇ ਖੇਤਾਂ ਵੱਲ ਗਿਆ ਸੀ ਅਤੇ ਰਸਤੇ ਵਿਚ ਡਿੱਗਣ ਕਰਕੇ ਉਸ ਦੇ ਸਿਰ ਵਿਚ ਸੱਟ ਲੱਗਣ ਕਾਰਨ ਮੌਤ ਹੋ ਗਈ। ਸ਼ਾਲਾ ਪੁਲਸ ਨੇ ਲਾਸ਼ ਕਬਜ਼ੇ ਵਿਚ ਲੈ ਕੇ ਸਰਕਾਰੀ ਹਸਪਤਾਲ ਤੋਂ ਪੋਸਟਮਾਰਟਮ ਕਰਵਾ ਕੇ ਉਸ ਦੇ ਪਰਿਵਾਰ ਦੇ ਬਿਆਨਾਂ ਦੇ ਆਧਾਰ 'ਤੇ 174 ਦੀ ਕਾਰਵਾਈ ਕਰਕੇ ਵਾਰਿਸਾਂ ਦੇ ਹਵਾਲੇ ਕਰ ਦਿੱਤੀ ਹੈ।

ਸੁਨੱਖੀ ਪੰਜਾਬਣ ਮੁਟਿਆਰ ਮੁਕਾਬਲਾ ਆਯੋਜਿਤ

ਹੁਸ਼ਿਆਰਪੁਰ ਦੀ ਪੱਲਵੀ ਸਿਰ ਸਜਿਆ 'ਸੱਗੀ 2023'

ਧਾਰੀਵਾਲ/ਗੁਰਦਾਸਪੁਰ, (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)-ਵਿਸ਼ਵ ਪੱਧਰ 'ਤੇ ਪਛਾਣ ਬਣਾਉਣ ਵਾਲਾ ਧੀਆਂ-ਧਿਆਣੀਆ ਵਿਰਾਸਤੀ ਲੋਕ-ਕਲਾਵਾਂ ਮੁਕਾਬਲਾ ਸੁਨੱਖੀ ਪੰਜਾਬਣ ਮੁਟਿਆਰ ਜੋ ਕਿ ਮੇਲੇ ਦੇ ਰੂਪ ਵਿੱਚ ਹਰ ਸਾਲ ਦੀ ਤਰ੍ਹਾਂ ਗੁਰਦਾਸਪੁਰ ਵਿੱਚ ਬਹੁਤ ਧੂਮਧਾਮ ਨਾਲ ਪੰਜਾਬੀ ਰਵਾਇਤੀ ਸੱਭਿਆਚਾਰਕ ਵਿਰਸੇ ਦੇ ਥੰਮ੍ਹ ਲੋਕ ਸੱਭਿਆਚਾਰਕ ਪਿੜ ਗੁਰਦਾਸਪੁਰ ਦੇ ਪ੍ਰਧਾਨ ਤੇ ਭੰਗੜਾ ਕੋਚ ਜੈਕਬ ਤੇਜਾ ਦੀ ਸਰਪ੍ਰਸਤੀ ਹੇਠ ਰਾਮ ਸਿੰਘ ਦੱਤ ਹਾਲ ਗੁਰਦਾਸਪੁਰ ਵਿੱਚ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਪੰਜਾਬ ਤੇ ਵਿਦੇਸ਼ੀ ਧਰਤੀ ਤੋਂ ਪੰਜਾਬਣ ਮੁਟਿਆਰਾਂ ਨੇ ਭਾਗ ਲਿਆ।

ਸ਼ਾਮ ਤੱਕ ਲਗਾਤਾਰ 7 ਘੰਟੇ ਚੱਲੇ ਪ੍ਰੋਗਰਾਮ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਇਲਾਵਾ ਗੁਰਦਾਸਪੁਰ ਜਿਲ੍ਹੇ ਦੇ ਪੰਜਾਬੀ ਸੱਭਿਆਚਾਰ ਨੂੰ ਪ੍ਰੇਮ ਕਰਨ ਵਾਲੇ ਸਰੋਤੇ ਲਗਾਤਾਰ ਬੈਠੇ ਰਹੇ ਅਤੇ ਉਨ੍ਹਾਂ ਨੇ ਇਸ ਪ੍ਰੋਗਰਾਮ ਦਾ ਭਰਪੂਰ ਅਨੰਦ ਮਾਣਿਆ। ਮਾਨਯੋਗ ਐੱਸਡੀਐੱਮ ਅਮਨਦੀਪ ਕੌਰ ਘੁੰਮਣ, ਐਸਪੀਡੀ ਪ੍ਰਿਤਪਾਲ ਸਿੰਘ ਵੀ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ। ਪ੍ਰੋਗਰਾਮ ਦਾ ਪੂਰਾ ਮਹੌਲ ਪੁਰਾਤਨ ਪੰਜਾਬੀ ਸੱਭਿਆਚਾਰ ਦੀ ਹੂ-ਬ-ਹੂ ਤਸਵੀਰ ਪੇਸ਼ ਕਰ ਰਿਹਾ ਸੀ। ਪੰਜਾਬਣ ਦੀ ਚੋਣ ਲਈ ਸੱਦੇ ਗਏ ਨਿਰਣਾਕਾਰਾਂ ਦੀ ਭੂਮਿਕਾ ਡਾ. ਰੁਪਿੰਦਰਜੀਤ ਕੌਰ ਗਿੱਲ, ਡਾ. ਮਨਦੀਪ ਕੌਰ ਬਾਜਵਾ, ਕਰਨਬੀਰ ਰੰਧਾਵਾ ਨੇ ਨਿਭਾਈ।

ਆਖਰ ਵਿੱਚ ਮੁਕਾਬਲੇ ਦੇ ਨਤੀਜੇ ਉਡੀਕਣ ਦੀਆਂ ਘੜੀਆਂ ਖਤਮ ਹੁੰਦਿਆਂ ਹੀ ਪੱਲਵੀ ਹੁਸ਼ਿਆਰਪੁਰ ਪਹਿਲੇ ਸਥਾਨ 'ਤੇ ਆਉਣ ਵਾਲੀ ਮੁਟਿਆਰ ਨੂੰ ਸੱਗੀ ਫੁੱਲ, ਸ਼ਗਨ ਅਤੇ ਟਰਾਫੀ, ਗੁਰਲੀਨ ਕੌਰ ਹੁਸ਼ਿਆਰਪੁਰ ਦੂਸਰੇ ਸਥਾਨ ਨੂੰ ਬੁਗਤੀਆਂ, ਸ਼ਗਨ ਅਤੇ ਟਰਾਫੀ ਅਤੇ ਖੁਸ਼ਪਿੰਦਰ ਕੌਰ ਪਠਾਨਕੋਟ ਤੀਜੇ ਸਥਾਨ ਵਾਲੀ ਨੂੰ ਟਿੱਕਾ, ਸ਼ਗਨ ਅਤੇ ਟਰਾਫੀ ਦਿੱਤੀ ਗਈ। ਇਸ ਤੋਂ ਇਲਾਵਾ ਲੰਮ ਸਲੰਮੀ ਨਾਰ, ਨਸ਼ੀਲੇ ਨੈਣ, ਗਿੱਧਿਆਂ ਦੀ ਮੇਲਣ, ਮੋਰਨੀ ਵਰਗੀ ਧੌਣ, ਸੂਝਵਾਨ ਮੁਟਿਆਰ, ਮੜ੍ਹਕ ਨਾਲ ਤੁਰਨਾ, ਸੋਹਣਾ ਪੰਜਾਬੀ ਪਹਿਰਾਵਾ, ਹਾਸਿਆਂ ਦੀ ਰਾਣੀ, ਸੱਪਣੀ ਵਰਗੀ ਗੁੱਤ, ਮੁੱਖੜਾ ਚੰਨ ਵਰਗਾ, ਮਲੂਕੜੀ ਜਿਹੀ ਮੁਟਿਆਰ, ਸੋਹਣੇ ਗਹਿਣੇ, ਮਿੱਠੜੇ ਬੋਲ, ਮਿਲਾਪੜੀ ਮੁਟਿਆਰ, ਨੰਨੀ ਕਰੂੰਬਲ, ਨਿਰੋਲ ਪਿੜ ਪੇਸ਼ਕਾਰੀ, ਵਿਦਾਇਗੀ ਤੋਰ, ਸ਼ਰਮੀਲੀਆਂ ਅੱਖਾਂ, ਲਾੜੀ ਸਰੂਪ, ਬੁਸਕਣਾ ਦੇ ਖਿਤਾਬ ਦਿੱਤੇ ਜਾਣਗੇ।

ਪ੍ਰੋਗਰਾਮ ਵਿੱਚ ਬਤੌਰ ਮੁੱਖ ਪ੍ਰਾਹੁਣੇ ਵਜੋਂ ਪੁੱਜੇ ਚੇਅਰਮੈਨ ਰਮਨ ਬਹਿਲ ਨੇ ਮੁੱਖ ਪ੍ਰਬੰਧਕ ਜੈਕਬ ਮਸੀਹ ਤੇਜਾ ਅਤੇ ਉਸ ਦੇ ਸਾਥੀਆਂ ਦੀ ਖੂਬ ਪ੍ਰਸ਼ੰਸਾ ਕੀਤੀ। ਇਸ ਮੌਕੇ ਕਈ ਮੁਅੱਜ਼ਜ਼ ਸ਼ਖਸੀਅਤਾਂ ਅਤੇ ਕਲਾ ਦੇ ਕਦਰਦਾਨਾਂ ਨੇ ਸ਼ਮੂਲੀਅਤ ਕੀਤੀ। ਲੋਕ ਸੱਭਿਆਚਾਰਕ ਪਿੜ ਦੀ ਤਰਫੋਂ ਜੈਕਬ ਮਸੀਹ ਤੇਜਾ ਨੇ ਇਸ ਪ੍ਰੋਗਰਾਮ ਦੌਰਾਨ ਪੁੱਜੀਆਂ ਪ੍ਰਮੁੱਖ ਸ਼ਖਸੀਅਤਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।

ਪਰਮਜੀਤ ਨਾਗੋਕੇ ਵੱਲੋਂ ਬੱਚਿਆਂ ਦਾ ਵਿੱਦਿਅਕ ਟੂਰ ਰਵਾਨਾ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ) ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅੱਜ ਸਰਕਾਰੀ ਸਕੂਲ ਵੈਰੋਵਾਲ (ਲੜਕੇ) ਦੇ ਵਿੱਦਿਆਰਥੀਆਂ ਦਾ ਵਿੱਦਿਅਕ ਟੂਰ ਸਾਇੰਸ ਸਿਟੀ ਕਪੂਰਥਲਾ ਵਿਖੇ ਗਿਆ ਜਿੱਥੇ ਵਿਦਿਆਰਥੀਆਂ ਨੇ ਵਿਗਿਆਨਕ ਗਿਆਨ ਪ੍ਰਾਪਤ ਕਰਕੇ ਵਿਗਿਆਨਕ ਸੋਚ ਨੂੰ ਆਪਣੀ ਜ਼ਿੰਦਗੀ ਵਿਚ ਅਪਣਾਉਗੇ ਅਤੇ ਸਮਾਜ ਨੂੰ ਚੰਗੀ ਸੇਧ ਦੇਣਗੇ। ਇਸ ਸਮੇਂ ਸਕੂਲ ਵੈਰੋਵਾਲ ਦੇ ਇੰਚਾਰਜ ਮਾਸਟਰ ਪ੍ਰਮਜੀਤ ਸਿੰਘ ਨਾਗੋਕੇ ਨੇ ਇਸ ਟੂਰ ਨੂੰ ਰਵਾਨਾ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਲੋਕ ਸਿੰਘ, ਗੁਰਵਿੰਦਰ ਸਿੰਘ ਪ੍ਰਧਾਨ, ਰਾਜਪ੍ਰੀਤ ਕੌਰ, ਮਨਪ੍ਰੀਤ ਕੌਰ, ਬਲਦੇਵ ਸਿੰਘ, ਸਰਬਜੀਤ ਸਿੰਘ, ਰਣਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਤਰਵਿੰਦਰ ਸਿੰਘ, ਮਨਜੀਤ ਕਮਾਰ, ਨਰਿਦਰ ਸਿੰਘ ਅਤੇ ਕੋਚ ਜਸਪਾਲ ਸਿੰਘ ਆਦਿ ਹਾਜ਼ਰ ਸਨ।

ਸ੍ਰੀ ਚੋਲਾ ਸਾਹਿਬ ਮੇਲੇ ਸੰਬੰਧੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਪ੍ਰਬੰਧ ਮੁਕੰਮਲ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਗ ਵਸਤਰ ਸਲਾਨਾ ਜੋੜ ਮੇਲਾ ਸ੍ਰੀ ਚੋਲਾ ਸਾਹਿਬ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਡੇਰਾ ਬਾਬਾ ਨਾਨਕ ਵੱਲੋਂ ਸੰਗਤਾਂ ਦੀ ਭਾਰੀ ਆਮਦ ਨੂੰ ਦੇਖਦਿਆਂ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ । ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਬਲਜੀਤ ਸਿੰਘ ਤਲਵੰਡੀ ਰਾਮਾਂ ਮੈਨੇਜਰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਨੇ ਦੱਸਿਆ ਕਿ ਮੇਲੇ ਵਿੱਚ ਆਉਣ ਵਾਲੀਆਂ ਸੰਗਤਾਂ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ । ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿੱਚ ਛੋਟੇ ਬੱਚਿਆਂ ਲਈ ਦੂੱਧ, ਮੈਡੀਕਲ ਸਹੂਲਤ, ਲੰਗਰ, ਰਹਿਣ ਲਈ ਕਮਰੇ ਅਤੇ ਫਰੀ ਪਾਰਕਿੰਗ ਆਦਿ ਦਾ ਪੂਰਾ ਪ੍ਰਬੰਧ ਕਰ ਦਿੱਤਾ ਗਿਆ ਹੈ ਅਤੇ ਸੰਗਤ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 4 ਮਾਰਚ ਨੂੰ ਪੈਦਲ ਆ ਰਹੇ ਸੰਗ ਦਾ ਡੇਰਾ ਬਾਬਾ ਨਾਨਕ ਵਿਖੇ ਪੁੱਜਣ ਤੇ ਭਰਵਾਂ ਸਵਾਗਤ ਕੀਤਾ ਜਾਵੇਗਾ ਤੇ ਮੇਲੇ ਵਿੱਚ ਦੂਰੋਂ-ਨੇੜਿਓਂ ਆਉਣ ਵਾਲੀਆਂ ਸੰਗਤਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇਗਾ ਅਤੇ ਸੰਗਤਾਂ ਲਈ ਅਲੱਗ ਅਲੱਗ ਸੇਵਾਦਾਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੇ ਦੀਵਾਨ ਹਾਲ ਵਿਖੇ 4 ਅਤੇ 5 ਮਾਰਚ ਨੂੰ ਧਾਰਮਿਕ ਦੀਵਾਨ ਸਜਾਏ ਜਾਣਗੇ ਜਿਸ ਦੌਰਾਨ ਰਾਗੀ ਢਾਡੀ ਜਥੇ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰਦੁਆਰਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਡੇਰਾ ਬਾਬਾ ਨਾਨਕ ਵੱਲੋਂ ਮੇਲੇ ਦੌਰਾਨ ਸੰਗਤਾਂ ਲਈ ਧਾਰਮਿਕ ਪੁਸਤਕਾਂ ਦਾ ਸਟਾਲ ਵੀ ਲਗਾਇਆ ਜਾਵੇਗਾ। ਇਸ ਮੌਕੇ ਅਮਰਜੀਤ ਸਿੰਘ ਗੋਰਾਇਆ ਰਿਕਾਰਡ ਕੀਪਰ, ਦਿਲਬਾਗ ਸਿੰਘ ਰਾਏਚੱਕ ਅਕਾਊਂਟੈਂਟ, ਇਕਬਾਲ ਸਿੰਘ ਸਟੋਰ ਕੀਪਰ, ਸੁਖਵਿੰਦਰ ਸਿੰਘ ਖਜਾਨਚੀ, ਜਗਦੀਪ ਸਿੰਘ ਖਜ਼ਨਚੀ, ਭੁਪਿੰਦਰ ਸਿੰਘ ਸ਼ਾਹਪੁਰ, ਮਨਪ੍ਰੀਤ ਸਿੰਘ ਦਾਦੂਜੋਧ, ਸੁਖਵਿੰਦਰ ਸਿੰਘ ਦਾਦੂਜੋਧ, ਬਾਬਾ ਜਗਤਾਰ ਸਿੰਘ ਹੈਡ ਗ੍ਰੰਥੀ, ਗੁਰਦੇਵ ਸਿੰਘ ਗ੍ਰੰਥੀ, ਡਾਕਟਰ ਦਿਲਬਾਗ ਸਿੰਘ ਰਾਏਚੱਕ, ਗੁਰਪ੍ਰੀਤ ਸਿੰਘ ਸੇਵਾਦਾਰ, ਸੁਖਰਾਜ ਸਿੰਘ, ਮਨਬੀਰ ਸਿੰਘ ਝੰਗੀ, ਵਜ਼ੀਰ ਸਿੰਘ ਸੇਵਾਦਾਰ, ਪ੍ਰਗਟ ਸਿੰਘ ਮੂਲੋਵਾਲੀ, ਹਰਜਿੰਦਰ ਸਿੰਘ ਲਾਲੇਨੰਗਲ ਆਦਿ ਹਾਜ਼ਰ ਸਨ।

ਦੁਕਾਨਾਂ 'ਤੇ ਲੱਗੇ ਬੋਰਡਾਂ ਨੂੰ ਪੰਜਾਬੀ ਭਾਸ਼ਾ 'ਚ ਲਿਖਣ ਲਈ ਪ੍ਰੇਰਿਆ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਸ੍ਰੀ ਗੁਰੂ ਅੰਗਦ ਦੇਵ ਜੀ ਦੀ ਵਰੋਸਾਈ ਹੋਈ ਧਰਤੀ ਖਡੂਰ ਸਾਹਿਬ ਵਿਖੇ ਮਾਂ ਬੋਲੀ ਦਿਵਸ ਨੂੰ ਸਮਰਪਿਤ ਖਡੂਰ ਸਾਹਿਬ ਵਿਖੇ ਸਾਰੀਆਂ ਦੁਕਾਨਾਂ 'ਤੇ ਲੱਗੇ ਬੋਰਡਾਂ ਨੂੰ ਪੰਜਾਬੀ ਵਿੱਚ ਲਿਖਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਸੀ, ਭਾਵੇਂ ਕਿ ਪਹਿਲਾਂ ਤੋਂ ਹੀ ਕਾਫੀ ਦੁਕਾਨਾਂ ਦੇ ਬੋਰਡ ਪੰਜਾਬੀ ਵਿੱਚ ਹੀ ਸਨ। ਕੁਝ ਦਿਨ ਪਹਿਲਾਂ ਕਾਰ ਸੇਵਾ ਖਡੂਰ ਸਾਹਿਬ ਦੇ ਮੁਖੀ ਬਾਬਾ ਸੇਵਾ ਸਿੰਘ ਵੱਲੋਂ ਦੁਕਾਨਦਾਰਾਂ ਨਾਲ ਇੱਕ ਇਕੱਤਰਤਾ ਕੀਤੀ ਗਈ ਸੀ ਅਤੇ ਜਿਨ੍ਹਾਂ ਦੁਕਾਨਾਂ ਅੱਗੇ ਲੱਗੇ ਬੋਰਡਾਂ ਪੰਜਾਬੀ ਭਾਸ਼ਾ ਵਿੱਚ ਨਹੀਂ ਸਨ, ਉਨ੍ਹਾਂ ਨਾਲ ਵਿਚਾਰ ਕਰਕੇ ਪੰਜਾਬੀ ਵਿੱਚ ਕਰਵਾਉਣ ਲਈ ਆਖਿਆ ਗਿਆ ਸੀ। ਇੱਥੇ ਇਹ ਜ਼ਿਕਰਯੋਗ ਹੈ ਕਿ ਸਮੁੱਚੇ ਦੁਕਾਨਦਾਰਾਂ ਇਸ ਬਚਨ ਨਾਲ ਸਹਿਮਤੀ ਪ੍ਰਗਟ ਕੀਤੀ ਅਤੇ ਬੋਰਡਾਂ ਨੂੰ ਪੰਜਾਬੀ ਵਿੱਚ ਲਿਖਵਾਇਆ। ਮਿਤੀ 25 ਫਰਵਰੀ, 2023 ਨੂੰ ਬਾਬਾ ਜੀ ਵੱਲੋਂ ਸਮੂਹ ਦੁਕਾਨਦਾਰਾਂ ਅਤੇ ਖਡੂਰ ਸਾਹਿਬ ਨਗਰ ਦੇ ਮੋਹਤਬਾਰ ਵਿਅਕਤੀਆਂ ਨੂੰ ਇਸ ਸਾਰੇ ਕਾਰਜ ਵਿੱਚ ਸਾਥ ਦੇਣ ਲਈ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਇਤਿਹਾਸ ਤੋਂ ਜਾਣੂ ਕਰਵਾਉਂਦੇ ਹੋਏ ਕਿਹਾ ਕਿ ਇਹ ਸਾਡੇ ਲਈ ਬੜੀ ਮਾਣ ਵਾਲੀ ਗੱਲ ਹੈ ਕਿ ਸਾਡੇ ਨਗਰ ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਵੱਲੋਂ ਪੰਜਾਬੀ ਗੁਰਮ

26-FEB- PAGE 12.qxd 2/25/2023 10:24 PM Page 1

ਸ਼ਹੀਦ ਬੰਤਾ ਸਿੰਘ ਤੇ ਅਰੂੜ ਸਿੰਘ ਯਾਦਗਾਰੀ ਕਬੱਡੀ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸੰਪੰਨ

ਅਲਾਵਲਪੁਰ (ਮਦਨ ਭੰਗੜ) ਮਹਾਨ ਗ਼ਦਰੀ ਬਾਬਿਆਂ ਸ਼ਹੀਦ ਬੰਤਾ ਸਿੰਘ ਤੇ ਸ਼ਹੀਦ ਅਰੂੜ ਸਿੰਘ ਯਾਦਗਾਰੀ ਤੇ ਡਾ. ਜੀਐੱਸ ਗਿੱਲ ਦੀ ਨਿੱਘੀ ਯਾਦ ਨੂੰ ਸਮਰਪਿਤ ਦੋ ਦਿਨਾ ਸੰਘਵਾਲ ਦਾ ਕਬੱਡੀ ਟੂਰਨਾਮੈਂਟ ਸ਼ੁੱਕਰਵਾਰ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋ ਗਿਆ। ਸ਼ਹੀਦ ਬੰਤਾ ਸਿੰਘ ਸੰਘਵਾਲ ਵੈੱਲਫੇਅਰ ਟਰੱਸਟ ਤੇ ਰੂਰਲ ਸਪੋਰਟਸ ਵੈੱਲਫੇਅਰ ਟਰੱਸਟ ਵੱਲੋਂ ਟਰੱਸਟ ਦੇ ਪ੍ਰਧਾਨ ਡਾ. ਗੁਰਬੀਰ ਸਿੰਘ ਗਿੱਲ, ਸੇਵਾਮੁਕਤ ਪ੍ਰਿੰਸੀਪਲ ਜਸਬੀਰ ਕੌਰ ਗਿੱਲ, ਸਾਬਕਾ ਸਰਪੰਚ ਗੁਰਦੀਪ ਸਿੰਘ, ਦਾਤਾਰ ਸਿੰਘ ਕੈਨੇਡਾ, ਪਹਿਲਵਾਨ ਹਰਭਜਨ ਸਿੰਘ, ਨੰਬਰਦਾਰ ਜ਼ੋਰਾਵਰ ਸਿੰਘ, ਡਾ. ਪਰਗਟ ਸਿੰਘ, ਸਮਾਜ ਸੇਵੀ ਹਰਭਜਨ ਸਿੰਘ ਕਰਾੜੀ, ਸਤਨਾਮ ਸਿੰਘ ਆਸਟ੍ਰੇਲੀਆ, ਸੁੱਖਾ ਕਬੱਡੀ ਖਿਡਾਰੀ, ਗੁਰਚੇਤਨ ਸਿੰਘ ਗਿੱਲ, ਜਸਕਰਨ ਸਿੰਘ ਸਾਲੂ, ਮਨਜੀਤ ਸਿੰਘ ਯੂ.ਐੱਸ.ਏ, ਭਿੰਦਾ ਯੂ.ਐੱਸ.ਏ, ਕੁਲਦੀਪ ਸਿੰਘ ਖਹਿਰਾ, ਸਾਬਕਾ ਪੰਚ ਮੇਜਰ ਸਿੰਘ, ਨੰਬਰਦਾਰ ਇੰਦਰਜੀਤ ਸਿੰਘ ਬਿੱਲੂ, ਮਨਿੰਦਰ ਸਿੰਘ ਮੱਪੀ, ਜਸਕਰਨ ਸਿੰਘ ਸ਼ਾਲੂ, ਸਾਬਕਾ ਸਰਪੰਚ ਬਲਵੀਰ ਸਿੰਘ ਆਦਿ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਕਬੱਡੀ ਟੂਰਨਾਮੈਂਟ ਦੇ ਪਹਿਲੇ ਦਿਨ ਦਾ ਮੈਚ ਬਾਬਾ ਮਹਿੰਦਰ ਸਿੰਘ ਬਿਆਸ ਪਿੰਡ ਵਾਲਿਆਂ ਤੇ ਜਥੇ. ਰਣਜੀਤ ਸਿੰਘ ਕਾਹਲੋਂ ਮੈਂਬਰ ਐੱਸਜੀਪੀਸੀ ਵੱਲੋਂ ਸ਼ੁਰੂ ਕਰਵਾਇਆ ਗਿਆ। ਟੂਰਨਾਮੈਂਟ ਦੇ ਦੂਜੇ ਦਿਨ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਰੀਵਾਲ ਪੁੱਜੇ। ਇਸ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਇਕ ਅਜਿਹਾ ਜ਼ਰੀਆ ਹਨ, ਜਿਸ ਰਾਹੀਂ ਨੌਜਵਾਨਾਂ ਵਿਚਲੀ ਬੇਅੰਤ ਊਰਜਾ ਨੂੰ ਸਕਾਰਾਤਮਕ ਦਿਸ਼ਾ 'ਚ ਲਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਵੀ ਨਸ਼ਿਆਂ ਤੋਂ ਦੂਰ ਰਹਿੰਦਿਆਂ ਖੇਡਾਂ 'ਚ ਹਿੱਸਾ ਲੈ ਕੇ ਨਰੋਏ ਸਮਾਜ ਦੀ ਸਿਰਜਣਾ 'ਚ ਯੋਗਦਾਨ ਪਾਉਣ। ਮੰਤਰੀ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਦੀ ਪੁਰਾਣੀ ਸ਼ਾਨ ਨੂੰ ਮੁੜ ਸੁਰਜੀਤ ਕਰਨ ਲਈ ਠੋਸ ਉਪਰਾਲੇ ਕਰ ਰਹੀ ਹੈ। ਹਰ ਉਮਰ ਦੇ ਲੋਕਾਂ ਖਾਸ ਕਰ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਪੰਜਾਬ ਸਰਕਾਰ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਕਰਵਾਈਆਂ ਗਈਆਂ ਤਾਂ ਉਨ੍ਹਾਂ ਨੂੰ ਖੇਡਾਂ ਵੱਲ ਪ੍ਰੇਰਿਤ ਕੀਤਾ ਜਾ ਸਕੇ। ਕਬੱਡੀ ਕੱਪ ਕਰਵਾਉਣ ਦੇ ਪ੍ਰਬੰਧਕਾਂ ਦੇ ਉਪਰਾਲੇ ਦੀ ਸ਼ਲਾਘਾ ਦਿੰਦਿਆਂ ਕੈਬਨਿਟ ਮੰਤਰੀ ਨੇ ਟਰੱਸਟ ਨੂੰ ਪੰਜ ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ ਤੇ ਸਟੇਡੀਅਮ ਲਈ ਲੋੜੀਂਦੇ ਫੰਡ ਮੁਹੱਈਆ ਕਰਵਾਉਣ ਦਾ ਭਰੋਸਾ ਦਿਵਾਉਂਦਿਆਂ ਉਨ੍ਹਾਂ ਪੰਚਾਇਤ ਨੂੰ ਸਟੇਡੀਅਮ ਲਈ ਤਜਵੀਜ਼ ਬਣਾ ਕੇ ਭੇਜਣ ਲਈ ਵੀ ਕਿਹਾ। ਸਮੁੱਚਾ ਟੂਰਨਾਮੈਂਟ ਵਿਧਾਇਕ ਸੁਖਵਿੰਦਰ ਕੋਟਲੀ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਟੂਰਨਾਮੈਂਟ ਦੌਰਾਨ ਨਾਮਵਰ 8 ਕਬੱਡੀ ਕਲੱਬਾਂ ਦੇ ਮੁਕਾਬਲੇ ਕਰਵਾਏ ਗਏ। ਫਾਈਨਲ ਮੁਕਾਬਲੇ ਵਿਚ ਸੰਤ ਉਂਕਾਰ ਨਾਥ ਕਬੱਡੀ ਕਲੱਬ ਸੰਘਵਾਲ ਨੇ ਟੋਨੀ ਅਲੰਕਾਰ ਅਕੈਡਮੀ ਕੁੱਬੇ ਨੂੰ ਹਰਾ ਕੇ ਉਕਤ ਟੂਰਨਾਮੈਂਟ ਦੇ ਕਬੱਡੀ ਕੱਪ 'ਤੇ ਕਬਜ਼ਾ ਕੀਤਾ। 60 ਕਿੱਲੋ ਭਾਰ ਵਰਗ ਦੇ ਫਾਈਨਲ 'ਚ ਸ਼ਕਰਪੁਰ ਤੇ ਕਾਲਾ ਸੰਘਿਆ ਦੀ ਟੀਮ ਬਰਾਬਰ ਰਹਿਣ ਕਰਕੇ ਦੋਨੋਂ ਨੂੰ ਸਾਂਝੇ ਜੇਤੂ ਐਲਾਨਿਆ ਗਿਆ। ਪਿੰਡ ਪੱਧਰ ਓਪਨ ਦੇ ਫਾਈਨਲ ਮੁਕਾਬਲੇ 'ਚ ਸ਼ਕਰਪੁਰ ਨੇ ਕਾਲਾ ਸੰਘਿਆ ਨੂੰ ਹਰਾਇਆ। ਇਸ ਮੌਕੇ 6 ਸਪੈਸ਼ਲ ਕੁਸ਼ਤੀਆਂ ਕਰਵਾਈਆਂ ਗਈਆਂ ਤੇ ਪਟਕੇ ਦੀ ਕੁਸ਼ਤੀ ਪਹਿਲਵਾਨ ਆਰਸੀ ਰੋਜੀ ਤੇ ਪਹਿਲਵਾਨ ਧਰਮਿੰਦਰ ਕੁਹਾਲੀ ਵਿਚਾਲੇ ਹੋਈ ਜੋ ਕਿ ਕਰੀਬ 20 ਮਿੰਟ ਚੱਲੀ। ਕੁਸ਼ਤੀ ਬਰਾਬਰ ਰਹਿਣ ਕਾਰਨ ਦੋਨਾਂ ਨੂੰ ਸਾਂਝਾ ਜੇਤੂ ਐਲਾਨਿਆ। ਇਸ ਮੌਕੇ ਲੜਕੀਆਂ ਦੀ ਕਬੱਡੀ ਦਾ ਸ਼ੋਅ ਮੈਚ ਵੀ ਕਰਵਾਇਆ ਗਿਆ। ਜੇਤੂ ਟੀਮਾਂ ਨੂੰ ਪ੍ਰਬੰਧਕਾਂ ਵੱਲੋਂ ਟਰਾਫ਼ੀਆਂ ਤੇ ਨਕਦ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ। ਕਬੱਡੀ ਖਿਡਾਰੀ ਸੁੱਖਾ ਨੂੰ ਸਵਿਫਟ ਕਾਰ ਦੇ ਕੇ ਸਨਮਾਨਿਤ ਕੀਤਾ ਗਿਆ। ਕਲੱਬ ਦੇ ਫਾਈਨਲ ਮੁਕਾਬਲੇ 'ਚ ਬੈਸਟ ਰੇਡਰ ਤੇ ਬੈਸਟ ਜਾਫ਼ੀ ਨੂੰ ਮੋਟਰਸਾਈਕਲਾਂ ਨਾਲ ਨਿਵਾਜਿਆ ਗਿਆ। ਇਸ ਮੌਕੇ ਬਾਬਾ ਮਹਿੰਦਰ ਸਿੰਘ ਬਿਆਸ ਪਿੰਡ, ਪੰਥ ਪ੍ਰਸਿੱਧ ਕਥਾਵਾਚਕ ਭਾਈ ਪਿੰਦਰਪਾਲ ਸਿੰਘ, ਭਗਵਾਨ ਸਿੰਘ ਜੌਹਲ ਪ੍ਰਸਿੱਧ ਸਿੱਖ ਚਿੰਤਕ ਤੇ ਪੰਥਕ ਬੁਲਾਰੇ, ਜਥੇਦਾਰ ਰਣਜੀਤ ਸਿੰਘ ਕਾਹਲੋਂ ਮੈਂਬਰ ਐੱਸਜੀਪੀਸੀ, ਸਾਬਕਾ ਵਿਧਾਇਕ ਚੌਧਰੀ ਸੁਰਿੰਦਰ ਸਿੰਘ, ਰਜਿੰਦਰਪਾਲ ਰਾਣਾ ਰੰਧਾਵਾ ਸਾਬਕਾ ਚੇਅਰਮੈਨ, ਸਾਬਕਾ ਵਿਧਾਇਕ ਰਜਿੰਦਰ ਬੇਰੀ, ਵਿਧਾਇਕ ਰਮਨ ਅਰੋੜਾ, ਸਿਮਰਨਜੀਤ ਸਿੰਘ ਬੈਂਸ ਸਾਬਕਾ ਵਿਧਾਇਕ, ਸੁਨੀਤਾ ਰਿੰਕੂ, ਚੇਅਰਮੈਨ ਰਾਜਵਿੰਦਰ ਕੌਰ ਬਿਆੜਾ, ਬੁਜ਼ਰਗ ਮੈਰਾਥਨ ਦੌੜਾਕ ਫੌਜਾ ਸਿੰਘ, ਸੇਵਾਮੁਕਤ ਆਈਜੀ ਅਲੋਕ ਨਾਥ ਆਂਗਰਾ, ਉਂਕਾਰ ਸਿੰਘ ਦੌਲਤਪੁਰ,ਪ੍ਰਿੰਸੀਪਲ ਜਗਦੀਪ ਕੌਰ ਡੀ ਐਸ ਐਸ ਡੀ ਹਾਈ ਸਕੂਲ ਬੱਲ , ਬਲਵਿੰਦਰ ਸਿੰਘ ਮੱਲੀ, ਮੁਕੇਸ਼ ਚੰਦਰ ਰਾਣੀ ਭੱਟੀ ਤੇ ਹੋਰ ਪਤਵੰਤੇ ਹਾਜ਼ਰ ਸਨ।

ਐੱਲ ਪੀ ਯੂ ਕੈਂਪਸ 'ਚ 'ਸਟੱਡੀ ਇਨ ਫਰਾਂਸ' ਸਿੱਖਿਆ ਮੇਲਾ

ਜਲੰਧਰ (ਸ਼ੈਲੀ ਐਲਬਰਟ)- ਫ੍ਰੈਂਚ ਅੰਬੈਸੀ ਅਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ ਹਾਲ ਹੀ ਵਿੱਚ ਐਲ.ਪੀ.ਯੂ ਕੈਂਪਸ ਵਿੱਚ 'ਸਟੱਡੀ ਇਨ ਫਰਾਂਸ' ਸਿੱਖਿਆ ਮੇਲੇ ਦਾ ਆਯੋਜਨ ਇਕੱਠੇ ਹੋ ਕੀਤਾ। ਇਹ ਇਵੈਂਟ ਇੱਕ ਵੱਡੀ ਸਫਲਤਾ ਸੀ, ਜਿਸ ਵਿੱਚ ਵੱਡੀ ਗਿਣਤੀ ਵਿੱਚ ਉਨਾਂ ਵਿਦਿਆਰਥੀਆਂ ਨੂੰ ਆਕਰਸ਼ਿਤ ਕੀਤਾ ਜੋ ਫਰਾਂਸ ਵਿੱਚ ਉਪਲਬਧ ਵੱਖ-ਵੱਖ ਅਧਿਐਨ ਦੇ ਮੌਕਿਆਂ ਬਾਰੇ ਜਾਣਨ ਲਈ ਬੇਹੱਦ ਉਤਸੁਕ ਸਨ । ਫਰਾਂਸ ਦੀਆਂ 10 ਚੋਟੀ ਦੀਆਂ ਯੂਨੀਵਰਸਿਟੀਆਂ ਦਾ ਇੱਕ ਵਫ਼ਦ ਇਸ ਸਮਾਗਮ ਵਿੱਚ ਹਾਜ਼ਰ ਸੀ । ਜਿਸ ਨੇ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਣਾਲੀ, ਦਾਖਲੇ ਬਾਰੇ ਜ਼ਰੂਰਤਾਂ ਅਤੇ ਉਪਲਬਧ ਵੱਖ-ਵੱਖ ਕੋਰਸਾਂ ਬਾਰੇ ਕੀਮਤੀ ਜਾਣਕਾਰੀ ਪ੍ਰਦਾਨ ਕੀਤੀ। ਯੂਨੀਵਰਸਿਟੀਆਂ ਨੇ ਵਿਦਿਆਰਥੀਆਂ ਨੂੰ ਅਧਿਐਨ ਦੇ ਵਿਕਲਪਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਪੇਸ਼ਕਸ਼ ਕਰਨ ਦੇ ਉਦੇਸ਼ ਨਾਲ, ਐਲਪੀਯੂ ਨਾਲ ਸਹਿਯੋਗ ਕਰਨ ਦੇ ਮੌਕੇ ਦੀ ਵੀ ਤਲਾਸ਼ ਕੀਤੀ । ਐਲਪੀਯੂ ਦੇ ਵਾਈਸ ਪ੍ਰੈਜ਼ੀਡੈਂਟ ਅਤੇ ਐਲਪੀਯੂ ਦੇ ਇੰਟਰਨੈਸ਼ਨਲ ਅਫੇਅਰਜ਼ ਡਿਵੀਜ਼ਨ ਦੇ ਮੁਖੀ, ਡਾ: ਅਮਨ ਮਿੱਤਲ ਨੇ ਕਿਹਾ, ਇਹ ਸਮਾਗਮ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਦਾਨ ਕਰਨ ਤੱਕ ਸੀਮਿਤ ਨਹੀਂ ਸੀ, ਸਗੋਂ ਇਸ ਵਿੱਚ ਐਲਪੀਯੂ ਅਤੇ ਫਰਾਂਸੀਸੀ ਸੰਸਥਾਵਾਂ ਵਿਚਕਾਰ ਤਿੰਨ ਸਮਝੌਤਿਆਂ (ਐਮਓਯੂ) ਤੇ ਹਸਤਾਖਰ ਵੀ ਕੀਤੇ ਗਏ। ਇਹ ਸਮਝੌਤਾ ਅਕਾਦਮਿਕ ਅਦਾਨ-ਪ੍ਰਦਾਨ ਅਤੇ ਵਿਦਿਆਰਥੀਆਂ ਦੀ ਗਤੀਸ਼ੀਲਤਾ ਨੂੰ ਉਤਸ਼ਾਹਿਤ ਕਰਦੇ ਹੋਏ, ਦੋਹਾਂ ਦੇਸ਼ਾਂ ਦਰਮਿਆਨ ਲੰਬੀ ਮਿਆਦ ਦੀ ਭਾਈਵਾਲੀ ਲਈ ਰਾਹ ਪੱਧਰਾ ਕਰਨਗੇ । ਫਰਾਂਸ ਸੰਸਥਾਵਾਂ ਦੇ ਨੁਮਾਇੰਦੇ ਕੈਂਪਸ ਫਰਾਂਸ ਇੰਡੇ; ਅਲਾਇੰਸ ਫ੍ਰੈਂਕਾਈਜ਼ ਇੰਡੀਆ; ਐਵਾਨਸਿਟੀ ਸਕੂਲ; ਐਮ ਸਟ੍ਰਾਸਬਰਗ ਬਿਜ਼ਨਸ ਸਕੂਲ; ਐਮਬੀਵੇ - ਪ੍ਰਬੰਧਨ ਅਤੇ ਵਪਾਰ ਸਕੂਲ; ਆਈਸੀਐਨ ਕਰੀਏਟਿਵ ਬਿਜ਼ਨਸ ਸਕੂਲ; ਐਸੇਕ ਬਿਜਨੈੱਸ ਸਕੂਲ; ਡੇਵਿੰਸੀ ਉੱਚ ਸਿੱਖਿਆ; ਔਰਾ ਇੰਟਰਨੈਸ਼ਨਲ ਸਕੂਲ ਆਫ ਮੈਨੇਜਮੈਂਟ ਅਤੇ ਹੋਰ ਤੋਂ ਸਨ । ਸਿੱਖਿਆ ਮੇਲਾ ਵਿਦਿਆਰਥੀਆਂ ਲਈ ਯੂਨੀਵਰਸਿਟੀ ਦੇ ਪ੍ਰਤੀਨਿਧੀਆਂ ਨਾਲ ਗੱਲਬਾਤ ਕਰਨ, ਉਪਲਬਧ ਵੱਖ-ਵੱਖ ਅਧਿਐਨ ਵਿਕਲਪਾਂ ਬਾਰੇ ਜਾਣਨ ਅਤੇ ਉਨ੍ਹਾਂ ਦੇ ਭਵਿੱਖ ਦੇ ਅਕਾਦਮਿਕ ਕੰਮਾਂ ਨਾਲ ਸਬੰਧਤ ਸਵਾਲ ਪੁੱਛਣ ਦਾ ਇੱਕ ਸ਼ਾਨਦਾਰ ਮੌਕਾ ਸੀ । ਇਸ ਸਮਾਗਮ ਨੂੰ ਵਿਦਿਆਰਥੀਆਂ ਅਤੇ ਯੂਨੀਵਰਸਿਟੀਆਂ ਦੁਆਰਾ ਭਰਪੂਰ ਹੁੰਗਾਰਾ ਮਿਲਿਆ, ਜਿਨ੍ਹਾਂ ਨੇ ਇਸ ਨੂੰ ਸਫਲ ਬਣਾਉਣ ਲਈ ਸੰਸਥਾ ਅਤੇ ਫਰਾਂਸੀਸੀ ਦੂਤਾਵਾਸ ਅਤੇ ਐਲਪੀਯੂ ਦੇ ਯਤਨਾਂ ਦੀ ਸ਼ਲਾਘਾ ਕੀਤੀ। ।-

ਕੋਕੋਵਾਲ ਮਜਾਰੀ 'ਚ ਨਜਾਇਜ਼ ਮਾਈਨਿੰਗ ਕਰਕੇ ਪਹਾੜਾਂ ਨੂੰ ਕੀਤਾ ਜਾ ਰਿਹਾ ਬਰਬਾਦ

ਮਾਹਿਲਪੁਰ (ਸਫਰੀ) ਹਿਮਾਚਲ ਦੀ ਸਰਹੱਦ 'ਤੇ ਲੱਗੇ ਕਰੇਸ਼ਰਾਂ ਵਲੋਂ ਪੰਜਾਬ ਦੇ ਵਿੱਚ ਗੈਰਕਾਨੂੰਨੀ ਤਰੀਕੇ ਨਾਲ ਮਾਈਨਿੰਗ ਕਰਕੇ ਪਹਾੜਾਂ ਨੂੰ ਤਬਾਹ ਕੀਤਾ ਜਾ ਰਿਹਾ ਹੈ । ਅਜਿਹਾ ਮਾਮਲਾ ਸਾਹਮਣੇ ਆਇਆ ਹੈ ਗੜ੍ਹਸ਼ੰਕਰ ਦੇ ਬੀਤ ਇਲਾਕੇ ਦੇ ਪਿੰਡ ਕੋਕੋਵਾਲ ਮਜਾਰੀ ਦਾ, ਜਿੱਥੇ ਦੇ ਪਹਾੜਾਂ ਨੂੰ ਹਿਮਾਚਲ ਦੀ ਸਰਹੱਦ 'ਤੇ ਲੱਗੇ ਕਰੇਸ਼ਰਾਂ ਵਲੋਂ ਗੈਰਕਾਨੂੰਨੀ ਤਰੀਕੇ ਨਾਲ ਮਾਈਨਿੰਗ ਕੀਤੀ ਜਾ ਰਹੀ ਹੈ ।

ਜਿਸਦੇ ਸਬੰਧ ਦੇ ਵਿੱਚ ਪਿੰਡ ਕੋਕੋਵਾਲ ਮਜਾਰੀ ਦੀ ਪੰਚਾਇਤ ਵਲੋਂ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਕਰਨ 'ਤੇ ਡਿਊਟੀ ਮੈਜਿਸਟਰੇਟ ਤਹਿਸੀਲਦਾਰ ਤਪਨ ਭਨੋਟ ਦੀ ਅਗਵਾਈ ਦੇ ਵਿੱਚ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਪੁਲਸ ਪ੍ਰੋਟੈਕਸ਼ਨ ਦੇ ਵਿੱਚ ਮੌਕੇ 'ਤੇ ਪਹੁੰਚ ਕੇ ਮਾਈਨਿੰਗ ਵਾਲੀ ਥਾਂ ਦਾ ਜਾਇਜ਼ਾ ਲੈ ਕੇ ਪੰਜਾਬ ਦੀ ਹਦਬੰਦੀ ਕੀਤੀ ਗਈ। ਇਸ ਮੌਕੇ ਪਿੰਡ ਵਾਸੀਆਂ ਨੇ ਦੱਸਿਆ ਕਿ ਕੋਕੋਵਾਲ ਮਜਾਰੀ ਦੀ ਜਮੀਨ ਨੂੰ ਹਿਮਾਚਲ ਦੀ ਸਰਹੱਦ 'ਤੇ ਲੱਗੇ ਕਰੇਸ਼ਰਾਂ ਵਲੋਂ ਨੁਕਸਾਨਿਆ ਜਾ ਰਿਹਾ ਜਿਸਦੀ ਉਨ੍ਹਾਂ ਦੀ ਸ਼ਿਕਾਇਤ ਜੰਗਲਾਤ ਵਿਭਾਗ ਅਤੇ ਹੋਰ ਉੱਚ ਅਧਿਕਾਰੀਆਂ ਨੂੰ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਸਬੰਧਿਤ ਵਿਭਾਗ ਪਹਿਲਾਂ ਵੀ ਮਿਣਤੀ ਕਰਨ ਦੇ ਲਈ ਆਏ ਸਨ ਪਰ ਕਰੇਸ਼ਰ ਮਾਲਿਕਾਂ ਵਲੋਂ ਸ਼ਰਾਰਤੀ ਅਨਸਰਾਂ ਦੀ ਬਦੌਲਤ ਮਿਣਤੀ ਨਹੀਂ ਹੋਣ ਦਿੱਤੀ ਜਿਸਦੇ ਕਾਰਨ ਡਿਊਟੀ ਮੈਜਿਸਟਰੇਟ ਤਹਿਸੀਲਦਾਰ ਤਪਨ ਭਨੋਟ ਦੇ ਨਾਲ ਸਬੰਧਿਤ ਵਿਭਾਗ ਦੇ ਅਧਿਕਾਰੀ ਪੁਲਸ ਪ੍ਰੋਟੈਕਸ਼ਨ ਦੀ ਮੱਦਦ ਦੇ ਨਾਲ ਪੰਜਾਬ ਦੀ ਹਦਬਦਧੀ ਕੀਤੀ ਗਈ, ਜਿਸਦੇ ਵਿੱਚ ਇਹ ਸਪੱਸ਼ਟ ਹੋਇਆ ਕਿ ਪੰਜਾਬ ਦੇ ਕੁੱਝ ਹਿੱਸੇ 'ਤੇ ਗੈਰਕਾਨੂੰਨੀ ਤਰੀਕੇ ਨਾਲ ਮਾਈਨਿੰਗ ਕੀਤੀ ਹੋਈ ਹੈ।

ਸੰਤ ਬਾਬਾ ਭਾਗ ਸਿੰਘ 'ਵਰਸਟੀ ਨੇ ਅਥਲੈਟਿਕ ਮੀਟ ਕਰਵਾਈ

ਆਦਮਪੁਰ (ਪਰਮਜੀਤ ਸਿੰਘ):—ਸੰਤ ਬਾਬਾ ਦਲਾਵਰ ਸਿੰਘ (ਬ੍ਰਹਮ ਜੀ) ਦੇ ਅਸ਼ੀਰਵਾਦ ਨਾਲ ਅਤੇ ਚਾਂਸਲਰ ਸੰਤ ਬਾਬਾ ਸਰਵਣ ਸਿੰਘ ਅਤੇ ਵਾਈਸ-ਚਾਂਸਲਰ ਪ੍ਰੋਫੈਸਰ ਡਾ. ਧਰਮਜੀਤ ਸਿੰਘ ਪਰਮਾਰ ਦੀ ਯੋਗ ਅਗਵਾਈ ਹੇਠ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਅਤੇ ਸਕੱਤਰ ਹਰਦਮਨ ਸਿੰਘ, ਮੈਂਬਰ ਅਮਰਜੀਤ ਸਿੰਘ, ਜੋਗਿੰਦਰ ਸਿੰਘ, ਗਿਆਨ ਸਿੰਘ, ਪਰਮਜੀਤ ਸਿੰਘ ਅਤੇ ਐਨ.ਆਰ.ਆਈਜ਼ ਜੁਝਾਰ ਸਿੰਘ, ਜਗਤਾਰ ਸਿੰਘ, ਦਵਿੰਦਰ ਕੌਰ, ਸੁਖਦੇਵ ਕੌਰ ਦੀ ਹਾਜ਼ਰੀ ਵਿੱਚ ਸਾਲਾਨਾ ਦੋ ਦਿਨਾ ਅਥਲੈਟਿਕ ਮੀਟ ਬੜੀ ਧੂਮ- ਧਾਮ ਨਾਲ ਸ਼ੁਰੂ ਹੋਈ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਸੰਤ ਬਾਬਾ ਸਰਵਣ ਸਿੰਘ ਸਨ। ਸਮਾਗਮ ਦੀ ਸ਼ੁਰੂਆਤ ਸ਼ਬਦ ਗਿਆਨ ਨਾਲ ਕੀਤੀ ਗਈ ਉਪਰੰਤ ਮਾਰਚ ਪਾਸਟ ਦੀ ਅਗਵਾਈ ਹਰਜੀਤ ਸਿੰਘ ਨੇ ਕੀਤੀ। ਇਸ ਐਥਲੈਟਿਕ ਮੀਟ ਵਿੱਚ ਪੰਜ ਹਾਊਸ ਬਣਾਏ ਗਏ ਅਤੇ ਚਾਰ ਸਹਿਬਜ਼ਾਦਿਆਂ ਦੇ ਨਾਂਅ ਤੇ ਇੱਕ ਘਰ ਦਾ ਨਾਂਅ ਮਾਤਾ ਗੁਜਰੀ ਘਰ ਰੱਖਿਆ ਗਿਆ। ਇਸ ਐਥਲੈਟਿਕ ਮੀਟ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ, ਫੈਕਲਟੀ ਮੈਂਬਰਾਂ ਅਤੇ ਸਟਾਫ ਮੈਂਬਰਾਂ ਨੇ ਭਾਗ ਲਿਆ। ਇਸ ਮੁਕਾਬਲੇ ਦੇ ਨਤੀਜਿਆਂ ਵਿੱਚ 1500 ਮੀਟਰ ਦੌੜ ਵਿੱਚ ਬਿਲਾਲ ਅਹਿਮਦ ਪਹਿਲੇ, ਸੰਜੀਵ ਭਾਰਦਵਾਜ ਦੂਜੇ ਅਤੇ ਕਾਜਲ ਤੀਜੇ ਸਥਾਨ 'ਤੇ ਰਹੇ। 800 ਮੀਟਰ ਦੌੜ ਵਿੱਚ ਯੁਵਰਾਜ ਸਿੰਘ ਪਹਿਲੇ, ਭਾਵੇਸ਼ ਦੂਜੇ ਅਤੇ ਬਲਜੀਤ ਸਿੰਘ ਤੀਜੇ ਸਥਾਨ 'ਤੇ ਰਹੇ। ਬਲਜਿੰਦਰ ਸਿੰਘ ਪਹਿਲੇ, ਬਾਸਿਤ ਦੂਜੇ ਅਤੇ ਸਾਹਿਲ ਸੈਣੀ 100 ਮੀਟਰ ਦੌੜ ਵਿੱਚ ਤੀਜੇ ਸਥਾਨ 'ਤੇ ਰਿਹਾ। 80 ਮੀਟਰ ਔਰਤਾਂ ਦੀ ਦੌੜ ਵਿੱਚ ਗੁਰਲੀਨ ਕੌਰ ਪਹਿਲੇ, ਸਿਮਰਨ ਦੂਜੇ ਅਤੇ ਸੁਨੀਨਾ ਤੀਜੇ ਸਥਾਨ 'ਤੇ ਰਹੀ। 400 ਮੀਟਰ ਮਹਿਲਾਵਾਂ ਦੀ ਦੌੜ ਵਿੱਚ ਕਾਜਲ ਪਹਿਲੇ, ਅਮਨ ਦੂਜੇ ਅਤੇ ਅਨੀਤਾ ਤੀਜੇ ਸਥਾਨ 'ਤੇ ਰਹੀ। 800 ਮੀਟਰ ਮਹਿਲਾ ਦੌੜ ਵਿੱਚ ਅਨੁਰਾਧਾ ਪਹਿਲੇ, ਰਾਧਾ ਸਰਮਾ ਦੂਜੇ ਅਤੇ ਕੋਮਲ ਪ੍ਰੀਤ ਤੀਜੇ ਸਥਾਨ 'ਤੇ ਰਹੀ। ਨਿੰਬੂ ਦੌੜ ਵਿੱਚ ਚੇਤਰਾ ਪਹਿਲੇ, ਰੀਆ ਦੂਜੇ ਅਤੇ ਵੈਸ਼ਾਲੀ ਤੀਜੇ ਸਥਾਨ 'ਤੇ ਰਹੀ, ਲੰਬੀ ਛਾਲ ਵਿੱਚ ਕੈਲਾਸ਼ ਪਹਿਲੇ, ਯੁਵਰਾਜ ਦੂਜੇ ਅਤੇ ਮੁਹੰਮਦ ਅੱਬਾਸ ਤੀਜੇ ਸਥਾਨ 'ਤੇ ਰਹੇ। ਸੰਤ ਬਾਬਾ ਸਰਵਣ ਸਿੰਘ ਨੇ ਮੈਡਲ, ਟਰਾਫੀਆਂ ਅਤੇ ਸਰਟੀਫਿਕੇਟ ਦਿੱਤੇ। ਇਸ ਮੌਕੇ ਡਾ: ਆਰ.ਐਸ. ਪਠਾਨੀਆ, ਸਰੀਰਕ ਸਿੱਖਿਆ ਵਿਭਾਗ ਦੇ ਡਾ: ਅਮਰਜੀਤ ਸਿੰਘ ਅਤੇ ਸਮੂਹ ਵਿਦਿਆਰਥੀ, ਫੈਕਲਟੀ ਮੈਂਬਰ ਅਤੇ ਸਟਾਫ ਹਾਜ਼ਰ

26-Feb-Sunday.qxd 2/25/2023 9:59 PM Page 3

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਪ੍ਰਤੀਨਿਧ ਪੰਜਾਬੀ ਮਿੰਨੀ ਕਹਾਣੀਆਂ

ਪ੍ਰਤਾਪ

"ਬਾਬੇ ਨਿੰਮੇ ਨੇ ਮਣਾ ਲਿਆ ਫੇਰ ਕੱਲ੍ਹ ਬਾਬੇ ਰਵੀਦਾਸ ਦਾ ਜਨਮ ਦਿਨ?" ਗਲੀ ਵਿਚ ਤੁਰੇ ਆਉਂਦੇ ਜੋਰੇ ਨੰਬਰਦਾਰ ਨੇ ਆਪਣੇ ਬੂਹੇ ਅੱਗੇ ਗਲੀ ਵਿਚ ਖੁੰਢ ਉੱਤੇ ਬੈਠੇ ਨਿੰਮੇ ਮੋਚੀ ਨੂੰ ਸਰਸਰੀ ਪੁੱਛਿਆ। ਨਿੰਮਾ ਪਹਿਲਾਂ ਸੇਪੀ 'ਤੇ ਸਾਰੇ ਪਿੰਡ ਦੀਆਂ ਜੁੱਤੀਆਂ ਗੰਢਣ ਦਾ ਕੰਮ ਕਰਦਾ ਸੀ। ਹੁਣ ਉਹਦੇ ਪੁੱਤ ਤੇ ਪੋਤਰੇ ਨੇ ਅੱਡੇ ਉੱਤੇ ਜੁੱਤੀਆਂ ਦੀ ਦੁਕਾਨ ਕਰ ਲਈ ਸੀ। ਨਿੰਮਾ ਸੁਰਤ ਸੰਭਾਲਣ ਵੇਲੇ ਤੋਂ ਹੀ ਅੰਮ੍ਰਿਤਧਾਰੀ ਸੀ। ਹੁਣ ਉਹ ਅਕਸਰ ਹੀ ਵਿਹਲਾ ਖੁੰਢ ਸਭਾਵਾਂ ਤੇ ਗੁਰਗਿਆਨ ਦੀਆਂ ਗੱਲਾਂ ਵਿਚ ਰੁੱਝਿਆ ਰਹਿੰਦਾ ਸੀ। ਉਹ ਹਰ ਸਾਲ ਆਪਣੇ ਘਰ ਵਿਚ ਗੁਰੂ ਰਵੀਦਾਸ ਦੇ ਜਨਮ ਦਿਨ ਉੱਤੇ ਸਹਿਜ-ਪਾਠ ਦਾ ਭੋਗ ਪਾਉਂਦਾ ਸੀ। ਉਹਦਾ ਨਾਂਅ ਤਾਂ ਨਿਰਮਲ ਸਿੰਘ ਸੀ, ਪਰੰਤੂ ਪਿੰਡ ਦੇ ਲੋਕ ਉਸ ਨੂੰ "ਬਾਬਾ ਨਿੰਮਾ' ਕਹਿ ਕੇ ਬੁਲਾਉਂਦੇ ਸਨ ਤੇ ਪਿੱਠ ਪਿੱਛੇ ਉਸ ਨੂੰ 'ਨਿੰਮਾ ਮੋਚੀ' ਕਹਿ ਛੱਡਦੇ ਸਨ।

"ਹਮਾਤੜ ਗਰੀਬਾਂ ਨੇ ਬਾਬੇ ਦਾ ਕੀ ਜਨਮ ਦਿਨ ਮਨਾਉਣੈ, ਨੰਬਰਦਾਰਾ। ਐਵੇਂ ਮੁੰਡੇ ਨੇ ਵੀਹਰ ਕੇ ਕਾਰਡ ਵੰਡਤੇ ਪਿੰਡ 'ਚ, ਅਖੇ ਪੁੰਨ-ਦਾਨ ਹੋ ਜੂਗਾ। ਲੰਗਰ ਵੀ ਵਾਹਵਾ ਬਣਾ ਲਿਆ, ਪਰ 'ਕੱਠ ਹੋਇਆ ਨਾ। ਫੇਰ ਅੱਡੇ 'ਤੇ ਬੱਸਾਂ ਰੋਕ-ਰੋਕ ਕੇ ਛਕਾਇਆ ਲੋਕਾਂ ਨੂੰ। ਦੇਗ ਵੀ ਵਧ ਗਈ। ਜਲ-ਪ੍ਰਵਾਹ ਕਰਕੇ ਆਇਆ ਸਵੇਰੇ। ਸੱਚ! ਨੰਬਰਦਾਰਾ, ਤੂੰ ਵੀ ਨ੍ਹੀਂ ਬਹੁੜਿਆ ਐਤਕੀਂ।" ਨਿੰਮੇ ਨੇ ਨਿਹੋਰੇ ਨਾਲ ਸਾਰੀ ਵਿਥਿਆ ਸੁਣਾਈ।

"ਬਾਬਾ, ਮੇਰੇ ਤਾਂ ਕੁੜਮਾਚਾਰੀ 'ਚ ਮੌਤ ਹੋਗੀ ਸੀ। ਕੱਲ੍ਹ ਸਸਕਾਰ 'ਤੇ ਗਿਆ ਸੀ। ਨਹੀਂ ਤਾਂ ਮੈਂ ਤਾਂ ਜ਼ਰੂਰ ਆਉਂਦਾ ਹੁਨਾਂ ਐਂ ਭੋਗ 'ਤੇ।" ਨੰਬਰਦਾਰ ਆਪਣਾ ਸਪੱਸ਼ਟੀਕਰਨ ਦੇ ਕੇ ਫੇਰ ਬੋਲਿਆ, "ਬਾਬਾ, ਅੱਜ ਕੈਨੇਡਾ ਵਾਲਿਆਂ ਦੇ ਬੁੜ੍ਹੇ ਦੀ ਬਰਸੀ 'ਤੇ ਨ੍ਹੀਂ ਜਾਣਾ ਤੂੰ?" "ਹਾਂ-ਹਾਂ, ਮੈਂ ਵੀ ਜਾਣੈ, ਤਿਆਰ ਆਂ।" ਨਿੰਮੇ ਨੇ ਸਾਫਾ ਮੋਢੇ 'ਤੇ ਰੱਖਿਆ ਤੇ ਉੱਠਦਿਆਂ ਬੋਲਿਆ, "ਨੰਬਰਦਾਰਾ, ਆਪਾਂ ਤਾਂ ਸਾਰੇ ਨਗਰ ਦੇ ਸਾਂਝੇ ਬੰਦੇ ਆਂ।" ਤੇ ਉਹ ਨੰਬਰਦਾਰ ਨਾਲ ਤੁਰ ਪਿਆ।

ਕੈਨੇਡਾ ਵਾਲਿਆਂ ਦੇ ਪਟੜੀ-ਫੇਰ ਇਲਾਕੇ ਤੋਂ ਬਹੁਤ ਲੋਕ ਪਹੁੰਚੇ ਹੋਏ ਸਨ।

ਕੋਠੀ ਦੇ ਸਾਹਮਣੇ ਖੁੱਲ੍ਹਾ ਮੈਦਾਨ ਕਾਰਾਂ, ਜੀਪਾਂ ਤੇ ਸਕੂਟਰਾਂ ਆਦਿ ਨਾਲ ਭਰਿਆ ਪਿਆ ਸੀ। ਰੰਗ-ਬਰੰਗੇ ਸ਼ਾਮਿਆਨੇ ਲੱਗੇ ਹੋਏ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਪੰਡਾਲ ਸੰਗਤ ਨਾਲ ਖਚਾਖਚ ਭਰਿਆ ਹੋਇਆ ਸੀ। ਮੱਥਾ ਟੇਕਣ ਵਾਲਿਆਂ ਦੀ ਲਾਈਨ ਲੱਗੀ ਹੋਈ ਸੀ। ਪ੍ਰਸਿੱਧ ਰਾਗੀ ਜੱਥੇ ਕੀਰਤਨ ਕਰ ਰਹੇ ਸਨ। ਕੈਨੇਡਾ ਵਾਲਾ ਸਰਦਾਰ ਸ਼ਾਹੀ ਲਿਬਾਸ ਵਿਚ ਸੰਗਤ ਦਰਮਿਆਨ ਬਿਰਾਜਮਾਨ ਸੀ। ਨਿੰਮਾ ਲਾਈਨ ਵਿਚ ਖੜ੍ਹਾ, ਕੱਲ੍ਹ ਆਪਣੇ ਘਰ ਪਏ ਭੋਗ ਤੇ ਅੱਜ ਪੈ ਰਹੇ ਭੋਗ ਦੇ ਫਰਕ ਬਾਰੇ ਸੋਚਣ ਲੱਗ ਪਿਆ। ਸਾਰੀ ਸੰਗਤ ਉਦੋਂ ਹੈਰਾਨ ਰਹਿ ਗਈ, ਜਦੋਂ ਨਿੰਮੇ ਨੇ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਕੇ ਫੇਰ ਕੈਨੇਡਾ ਵਾਲੇ ਸਰਦਾਰ ਨੂੰ ਜਾ ਮੱਥਾ ਟੇਕਿਆ। ਸਰਦਾਰ ਨੇ ਦੋਹਾਂ ਹੱਥਾਂ ਨਾਲ ਰੋਕਦਿਆਂ ਕਿਹਾ, "ਬਾਬਾ, ਤੂੰ ਤਾਂ ਪੁਰਾਣਾ ਅੰਮ੍ਰਿਤਧਾਰੀ ਸਿੰਘ ਐਂ, ਤੈਨੂੰ ਤਾਂ ਪਤਾ ਈ ਐ ਕਿ ਗੁਰੂ ਗ੍ਰੰਥ ਸਾਹਿਬ ਤੋਂ ਵੱਡਾ ਕੋਈ ਨਹੀਂ ਹੁੰਦਾ। ਫੇਰ ਮੇਰੇ 'ਤੇ ਕਿਉਂ ਭਾਰ ਚਾੜ੍ਹਦੈਂ।"

ਅੱਗੋਂ ਨਿੰਮੇ ਨੇ ਦੋਵੇਂ ਹੱਥ ਜੋੜ ਕੇ ਕਿਹਾ, "ਨਹੀਂ ਸਰਦਾਰਾ, ਸਾਰਾ ਤੇਰਾ ਈ ਪ੍ਰਤਾਪ ਐ। ਗੁਰੂ ਗ੍ਰੰਥ ਸਾਹਿਬ ਦਾ ਭੋਗ ਤਾਂ ਹਮਾਤੜ ਦੇ ਘਰ ਵੀ ਪਿਆ ਸੀ। ਸਾਰੇ ਨਗਰ ਵਿਚ ਘਰ-ਘਰ ਕਾਰਡ ਵੀ ਵੰਡੇ ਸਨ, ਪਰ ਮਸਾਂ ਹੀ ਕੋਈ ਟਾਂਵਾਂ-ਟੱਲਾ ਅੱਪੜਿਆ।"

- ਸੁਖਚੈਨ ਥਾਂਦੇਵਾਲਾ

ਪਰਾਲੀ ਦਾ ਸੇਕ

ਮਿੱਲ ਦੀਆਂ ਭੱਠੀਆਂ ਨੂੰ ਚਲਾਉਣ ਲਈ ਪਰਾਲੀ ਬਾਲੀ ਜਾਂਦੀ ਸੀ, ਜਦੋਂ ਦੀ ਇਹ ਮਿੱਲ ਲੱਗੀ, ਉਹ ਉਦੋਂ ਤੋਂ ਹੀ ਗੱਡੇ ਉੱਤੇ ਪਰਾਲੀ ਢੋਅ ਰਿਹਾ ਸੀ। ਸੀਜ਼ਨ ਵਿੱਚ ਮਸਾਂ ਪੰਜ-ਸੱਤ ਹਜ਼ਾਰ ਬਣਦਾ। ਬਥੇਰਾ ਜ਼ੋਰ ਲਾਉਂਦਾ, ਪਰ ਆਖਰ ਗੱਡੇ ਅਤੇ ਝੋਟਿਆਂ ਨੇ ਤਾਂ ਆਪਣੀ ਹੀ ਚਾਲੇ ਚੱਲਣੈਂ। ਘਰਾਂ ਦੇ ਸੌ ਖਰਚੇ।

ਆਂਢੀ-ਗੁਆਂਢੀ ਟਰੈਕਟਰਾਂ ਵਾਲੇ ਫੇਰੇ ਲਾ-ਲਾ ਕੇ ਮਾਲੋ-ਮਾਲ ਹੋ ਗਏ ਸਨ। ਭੰਤੇ ਨੂੰ ਇਹ ਕੁਝ ਦੇਖ ਕੇ ਆਪਣਾ-ਆਪ ਖੇਤ ਵਿੱਚ ਖੜੇ ਡਰਨੇ ਵਰਗਾ ਮਹਿਸੂਸ ਹੋਣ ਲੱਗ ਜਾਂਦਾ। ਉਹ ਗੁੱਸੇ ਵਿੱਚ ਡੰਗਰਾਂ ਦੀ ਚਾਲ ਤੇਜ਼ ਕਰਨ ਲਈ ਅੰਨ੍ਹੇਵਾਹ ਸੋਟੀਆਂ ਮਾਰਦਾ।

ਉਸ ਦੇ ਨਾਲ ਮਿੱਟੀ ਹੋਈ ਰਹਿੰਦੀ ਮਿੰਦੋ ਨੂੰ ਕਦੇ ਵੀ ਚੱਜ ਦਾ ਲੀੜਾ ਨਹੀਂ ਸੀ ਜੁੜਿਆ। ਪਰ ਜਦੋਂ ਟਰੈਕਟਰ ਲੈਣ ਦੀ ਗੱਲ ਹੋਈ ਤਾਂ ਉਸ ਨੇ ਸਾਰੀਆਂ ਟੂੰਮਾਂ ਅੱਗੇ ਲਿਆ ਧਰੀਆਂ। ਕਹਿੰਦੀ ਇਹ ਮੇਰੇ ਕਿਸ ਕੰਮ ਨੇ।

ਮੁੰਡੇ ਦੀ ਦੁਬਈ ਜਾ ਕੇ ਕਮਾਈ ਕਰਨ ਦੀ ਰੀਝ ਨੂੰ ਉਹ ਹਰ ਵਾਰ ਅਗਲੇ ਸੀਜ਼ਨ ਬਾਅਦ ਜ਼ਰੂਰ ਭੇਜਣ ਲਈ ਕਹਿ ਕੇ ਟਾਲ ਦਿੰਦਾ।

ਘਰਵਾਲੀ ਦੀਆਂ ਟੂੰਮਾਂ ਤੇ ਥੋੜ੍ਹੀ ਜ਼ਮੀਨ ਗਹਿਣੇ ਪਾ, ਪੈਸੇ ਬੈਂਕ ਵਿੱਚ ਜਮ੍ਹਾਂ ਕਰਵਾ ਕੇ ਟਰੈਕਟਰ ਕਰਜ਼ੇ 'ਤੇ ਲੈ ਲਿਆ।

ਟਰੈਕਟਰ ਖਰੀਦਣ ਤੋਂ ਬਾਅਦ ਉਸ ਨੇ ਮਨ ਵਿੱਚ ਸੋਚ ਲਿਆ ਕਿ ਮੁਟਿਆਰ ਧੀ ਦੇ ਵਿਆਹ, ਘਰ ਦਾ ਮੂੰਹ-ਮੱਥਾ ਤੇ ਘਰਵਾਲੀ ਦੀ ਦਿੱਖ ਸੰਵਾਰਨ ਲਈ ਇਸ ਵਾਰੀ ਦੱਬ ਕੇ ਮਿਹਨਤ ਕਰੇਗਾ ਤੇ ਸਾਰੇ ਧੋਣੇ ਧੋ ਦੇਵੇਗਾ।

ਝੋਨਾ ਵੱਢਣ ਤੋਂ ਪਹਿਲਾਂ ਹੀ ਉਸ ਨੇ ਲੋਕਾਂ ਨਾਲ ਸਾਈਆਂ ਲਾ ਲਈਆਂ। ਮੁੰਡਾ ਵੀ ਐਤਕੀਂ ਰੀਝ ਪੂਰੀ ਹੁੰਦੀ ਦੇਖ ਕੇ, ਪੂਰੀ ਤਰ੍ਹਾਂ ਬਾਪੂ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਨੂੰ ਤਿਆਰ ਸੀ।

ਰੇਟ ਵੀ ਐਤਕੀਂ ਵੱਧ ਨਿਕਲਿਆ। ਉਹ ਹੋਰ ਵੀ ਅੰਦਰੋਂ-ਅੰਦਰ ਛਾਲਾਂ ਮਾਰ ਰਿਹਾ ਸੀ। ਬੈਂਕ ਦੀਆਂ ਕਿਸ਼ਤਾਂ ਸਮੇਂ ਸਿਰ ਚੁਕਾ ਦਿਆਂਗਾ।

ਝੋਨੇ ਦੀ ਵਾਢੀ ਸ਼ੁਰੂ ਹੋ ਗਈ। ਪਰਾਲੀ ਦੀ ਪਹਿਲੀ ਟਰਾਲੀ ਲੱਦ ਕੇ ਉਹ ਚਾਈਂ-ਚਾਈਂ ਲੋਕਾਂ ਸਮੇਤ ਮਿੱਲ ਦੇ ਗੇਟ ਦੇ ਸਾਹਮਣੇ ਪਹੁੰਚਿਆ ਤਾਂ ਗੇਟ ਕੀਪਰ ਨੇ ਸਹਿਜ ਭਾਅ ਨਾਲ ਕਿਹਾ, "ਇਸ ਵਾਰ ਪਰਾਲੀ ਨਹੀਂ ਸੁਟਵਾਉਣੀ।"

"ਕਿਉਂ?"

"ਗੌਰਮਿੰਟ ਨੇ ਧੂੰਏਂ ਤੇ ਸੁਆਹ ਦੇ ਪ੍ਰਦੂਸ਼ਨ ਤੋਂ ਬਚਣ ਲਈ ਬਿਜਲੀ 'ਤੇ ਚੱਲਣ ਵਾਲਾ ਬਾਇਲਰ ਲਗਾ ਦਿੱਤੈ।"

"ਹੈਂ!"

ਭੰਤੇ ਨੂੰ ਇੰਜ ਲੱਗਾ, ਜਿਵੇਂ ਉਹ ਮਿੱਲ ਦੀ ਭੱਠੀ ਦੇ ਸੇਕ ਵਿੱਚ ਪੂਰੇ ਦਾ ਪੂਰਾ ਸੜ ਗਿਆ ਹੋਵੇ।

- ਡਾ. ਕਰਮਜੀਤ ਸਿੰਘ ਨਡਾਲਾ

ਰਿਸ਼ਤੇ ਦਾ ਨਾਮਕਰਨ

ਉਜਾੜ ਜਿਹੇ ਰੇਲਵੇ ਸਟੇਸ਼ਨ 'ਤੇ ਇਕੱਲੀ ਬੈਠੀ ਲੜਕੀ ਨੂੰ ਮੈਂ ਪੁੱਛਿਆ ਤਾਂ ਉਸ ਦੱਸਿਆ ਕਿ ਉਹ ਮਾਸਟਰਨੀ ਲੱਗ ਕੇ ਆਈ ਹੈ। ਰਾਤੀਂ ਸਟੇਸ਼ਨ 'ਤੇ ਹੀ ਰਹੇਗੀ। ਸਵੇਰੇ ਉੱਥੋਂ ਹੀ ਜਾ ਡਿਊਟੀ 'ਤੇ ਹਾਜ਼ਰ ਹੋਵੇਗੀ। ਮੈਂ ਇਸੇ ਪਿੰਡ 'ਚ ਮਾਸਟਰ ਲੱਗਿਆ ਹੋਇਆ ਸਾਂ। ਪਹਿਲੋਂ ਵਾਪਰੀਆਂ ਇਕ-ਦੋ ਘਟਨਾਵਾਂ ਬਾਰੇ ਮੈਂ ਉਸ ਨੂੰ ਜਾਣਕਾਰੀ ਦਿੱਤੀ।

"ਤੁਹਾਡਾ ਰਾਤੀਂ ਇੱਥੇ ਠਹਿਰਨਾ ਠੀਕ ਨਹੀਂ। ਮੇਰੇ ਨਾਲ ਚੱਲੋ, ਮੈਂ ਕਿਸੇ ਘਰ ਤੁਹਾਡਾ ਰਾਤ ਰਹਿਣ ਦਾ ਪ੍ਰਬੰਧ ਕਰ ਦਿੰਦਾ ਹਾਂ।"

ਜਦੋਂ ਅਸੀਂ ਪਿੰਡ ਵਿੱਚੋਂ ਲੰਘ ਰਹੇ ਸਾਂ ਤਾਂ ਮੈਂ ਇਸ਼ਾਰਾ ਕਰਕੇ ਦੱਸਿਆ ਕਿ ਮੈਂ ਇਸ ਚੁਬਾਰੇ ਵਿਚ ਰਹਿੰਦਾ ਹਾਂ। ਅਟੈਚੀ ਧਰਤੀ 'ਤੇ ਰੱਖ ਕੇ ਉਹ ਆਖਣ ਲੱਗੀ, "ਥੋੜ੍ਹਾ ਚਿਰ ਤੁਹਾਡੇ ਕਮਰੇ ਵਿਚ ਹੀ ਠਹਿਰ ਜਾਂਦੇ ਹਾਂ। ਮੈਂ ਮੂੰਹ-ਹੱਥ ਧੋ ਕੇ ਕੱਪੜੇ ਬਦਲ ਲਵਾਂਗੀ।"

ਬਿਨਾਂ ਅੱਗੋਂ ਕੋਈ ਵਾਰਤਾਲਾਪ ਤੋਰੇ ਅਸੀਂ ਦੋਵੇਂ ਕਮਰੇ ਵਿਚ ਆ ਗਏ ਸਾਂ।

"ਤੁਹਾਡੇ ਨਾਲ ਹੋਰ ਕੌਣ ਰਹਿੰਦਾ ਹੈ?"

"ਮੈਂ ਇਕੱਲਾ ਹੀ ਰਹਿੰਦਾ ਹਾਂ।"

"ਬਿਸਤਰੇ ਤਾਂ ਦੋ ਲੱਗੇ ਹੋਏ ਨੇ?"

"ਕਦੀ ਮੇਰੀ ਮਾਂ ਆ ਜਾਂਦੀ ਏ।"

ਗੁਸਲਖਾਨੇ 'ਚ ਜਾ ਕੇ ਉਸ ਨੇ ਮੂੰਹ-ਹੱਥ ਧੋਤੇ। ਕੱਪੜੇ ਬਦਲੇ। ਮੈਂ ਇੰਨੇ ਚਿਰ 'ਚ ਚਾਹ ਦੇ ਦੋ ਕੱਪ ਬਣਾ ਲਏ।

"ਤੁਸੀਂ ਰਸੋਈ ਵੀ ਰੱਖੀ ਹੋਈ ਏ?"

"ਇੱਥੇ ਕਿਹੜੇ ਹੋਟਲ ਨੇ।"

"ਫਿਰ ਤਾਂ ਰੋਟੀ ਵੀ ਮੈਂ ਇੱਥੇ ਹੀ ਖਾਵਾਂਗੀ।"

ਗੱਲਾਂ-ਗੱਲਾਂ ਵਿਚ ਰਾਤ ਬਹੁਤ ਲੰਘ ਗਈ ਸੀ ਤੇ ਉਹ ਮਾਂ ਜੀ ਦੇ ਬਿਸਤਰੇ ਉੱਤੇ ਲੰਮੀ ਵੀ ਪੈ ਗਈ ਸੀ।

ਮੈਂ ਸੌਣ ਦੀ ਬਹੁਤ ਕੋਸ਼ਿਸ਼ ਕਰ ਰਿਹਾ ਸਾਂ, ਪਰ ਨੀਂਦਰ ਹੀ ਨਹੀਂ ਸੀ ਆ ਰਹੀ। ਮੈਂ ਕਈ ਵਾਰੀ ਉੱਠ ਕੇ ਉਸ ਦੇ ਮੰਜੇ ਤੱਕ ਗਿਆ ਸਾਂ। ਉਸ 'ਤੇ ਹੈਰਾਨ ਸਾਂ। ਮੇਰੇ ਵਿਚ ਮਰਦ ਜਾਗ ਰਿਹਾ ਸੀ, ਪਰ ਉਸ ਵਿਚ ਵੱਸਦੀ ਔਰਤ ਘੂਕ ਸੁੱਤੀ ਪਈ ਸੀ।

ਮੈਂ ਪੌੜੀਆਂ ਚੜ੍ਹ ਕੋਠੇ ਉੱਤੇ ਜਾ ਕੇ ਟਹਿਲਣ ਲੱਗ ਪਿਆ ਸਾਂ।

ਕੁਝ ਚਿਰ ਬਾਅਦ ਉਹ ਵੀ ਕੋਠੇ ਉੱਤੇ ਆ ਗਈ। ਚੁੱਪ-ਚੁਪੀਤੀ ਟਹਿਲਣ ਲੱਗ ਪਈ।

"ਜਾ ਕੇ ਸੌਂ ਜਾਓ। ਸਵੇਰੇ ਤੁਸੀਂ ਡਿਊਟੀ ਜਾ ਕੇ ਹਾਜ਼ਰੀ ਦੇਣੀ ਐ", ਮੈਂ ਕਿਹਾ।

"ਤੁਸੀਂ ਸੁੱਤੇ ਨਹੀਂ?"

"ਮੈਂ ਕਾਫੀ ਚਿਰ ਸੁੱਤਾ ਰਿਹਾ ਹਾਂ।"

"ਝੂਠ।"

"?"

ਉਹ ਬਿਲਕੁਲ ਰੂ-ਬ-ਰੂ ਆ ਖਲੋਤੀ, "ਅਗਰ ਮੈਂ ਤੁਹਾਡੀ ਛੋਟੀ ਭੈਣ ਹੁੰਦੀ ਤਾਂ ਤੁਸੀਂ ਉਨੀਂਦਰੇ ਵਿਚ ਨਹੀਂ ਸੀ ਰਹਿਣਾ।"

"ਨਹੀਂ-ਨਹੀਂ, ਐਸੀ ਕੋਈ ਗੱਲ ਨਹੀਂ।"

ਤੇ ਮੈਂ ਉਸ ਦੇ ਸਿਰ ਉੱਤੇ ਹੱਥ ਫੇਰ ਦਿੱਤਾ।

- ਐਡਵੋਕੇਟ ਦਲੀਪ ਸਿੰਘ ਵਾਸਨ

ਬਜ਼ੁਰਗ

ਹਾੜ੍ਹ ਦੇ ਮਹੀਨੇ ਹੈਦਰ ਸ਼ੇਖ ਦੇ ਜੇਠੀ ਚੌਂਕੀ ਕਾਰਨ ਬਾਜ਼ਾਰ ਵਿਚ ਭੀੜ ਸੀ। ਰੇਹੜੀ ਉੱਪਰ ਸਰੀਆ ਲੱਦੀ ਆ ਰਿਹਾ ਇਕ ਮਜ਼ਦੂਰ ਜਦੋਂ ਭੀੜ ਤੋਂ ਬਚਾਉਂਦਾ ਹੋਇਆ ਰੇਹੜੀ ਸੜਕ ਕਿਨਾਰੇ ਖੜੇ ਇਕ ਮੋਟਰ ਸਾਈਕਲ ਲਾਗਿਓਂ ਕੱਢਣ ਲੱਗਾ ਤਾਂ ਰੇਹੜੀ ਉੱਪਰ ਲੱਦਿਆ ਸਰੀਆ ਮੋਟਰ ਸਾਈਕਲ ਨਾਲ ਖਹਿਣ ਲੱਗਿਆ।

"ਦੇਖੀਂ ਬਜ਼ੁਰਗਾ! ਕਿਤੇ ਹੋਰ ਨੁਕਸਾਨ ਈ ਨਾ ਕਰਦੀਂ ਇਕ ਪਾਸੇ ਕਰਕੇ ਕੱਢ ਲੈ ਸਰੀਆ ਵੀ ਸਾਰੇ ਸ਼ਹਿਰ ਦਾ ਈ ਲੱਦੀ ਫਿਰਦੈਂ।" ਮੋਟਰ ਸਾਈਕਲ ਦੀ ਫਿਕਰ ਵਿਚ, ਸ਼ਾਪਿੰਗ ਅੱਧ ਵਿਚਾਲੇ ਛੱਡ, ਮਾਸਟਰ ਮਿੰਦਰ ਸਿੰਘ ਸ਼ੋਅ ਰੂਮ ਵਿੱਚੋਂ ਤੇਜ਼ੀ ਨਾਲ ਬਾਹਰ ਆਉਂਦੇ ਹੋਏ ਬੋਲਿਆ।

"ਸਾਸਰੀ ਕਾਲ ਮਾਸਟਰ ਜੀ!" ਮਜ਼ਦੂਰ ਨੇ ਨਿਮਰਤਾ-ਪੂਰਵਕ ਹੱਥ ਜੋੜਦਿਆਂ ਕਿਹਾ।

"ਸਤਿ ਸ੍ਰੀ ਅਕਾਲ! ਬਜ਼ੁਰਗਾ, ਤੂੰ ਐਨਾ ਸਰੀਆ ਕਿਉਂ ਲੱਦਿਆ? ਆਪਣੀ ਉਮਰ ਦਾ ਤਾਂ ਖਿਆਲ ਕਰਿਆ ਕਰ।" ਮਜ਼ਦੂਰ ਦੀ ਧੌਲੀ ਦਾੜ੍ਹੀ ਤੇ ਖਸਤਾ ਸਿਹਤ ਵੱਲ ਵੇਖਦਿਆਂ ਮਾਸਟਰ ਜੀ ਨੇ ਆਪਣੀ ਡਾਢੀ ਕੀਤੀ ਦਾੜ੍ਹੀ 'ਤੇ ਹੱਥ ਫੇਰਦਿਆਂ ਹਮਦਰਦੀ ਭਰੇ ਲਹਿਜੇ ਵਿਚ ਕਿਹਾ।

"ਮਾਸਟਰ ਜੀ ਤੁਸੀਂ ਸ਼ੈਦ ਪਛਾਣਿਆ ਨੀਂ ਤਾਹੀਓਂ ਮੈਨੂੰ ਵਾਰ-ਵਾਰ ਬਜ਼ੁਰਗ ਕਹੀ ਜਾਨੇ ਓਂ ..ਮੈਂ ਬੰਤਾ ਆਂ ਥੋਡਾ ਸ਼ਗਿਰਦ ਰੁੜਕੀ ਪਿੰਡ ਦੇ ਵਿਹੜੇ ਆਲਾ।" ਪਰਨੇ ਨਾਲ ਮੁੜ੍ਹਕਾ ਸਾਫ ਕਰਦਿਆਂ ਮਜ਼ਦੂਰ ਨੇ ਕਿਹਾ।

ਭੀੜ ਦੇ ਧੱਕਿਆਂ ਕਾਰਨ ਬੰਤਾ ਰੇਹੜੀ ਧੱਕਦਾ ਅੱਗੇ ਹੋ ਗਿਆ ਅਤੇ ਮਾਸਟਰ ਜੀ ਧੱਕਿਆਂ ਤੋਂ ਬੇਸੁਧ ਖੜੇ ਪੰਦਰਾਂ-ਵੀਹ ਸਾਲ ਪਹਿਲੇ ਉਹਨਾਂ ਦਿਨਾਂ ਬਾਰੇ ਸੋਚਣ ਲੱਗੇ ਜਦੋਂ ਬੰਤਾ ਦਸਵੀਂ ਜਮਾਤ ਦਾ ਹੋਣਹਾਰ ਵਿਦਿਆਰਥੀ ਸੀ।

- ਰਸ਼ੀਦ ਅੱਬਾਸ

ਨਿੱਘ

ਜਗਤਾਰ ਕੋਲ ਇਨ੍ਹਾਂ ਸਰਦੀਆਂ ਵਿੱਚ ਮਾਂ ਦਾ ਬੁਣਿਆ ਕੋਈ ਸਵੈਟਰ ਨਹੀਂ ਸੀ। ਜਦੋਂ ਉਸ ਦਾ ਬੇਟਾ ਕਾਲਜ 'ਚ ਦਾਖਲ ਹੋਇਆ ਤਾਂ ਮਾਂ ਨੇ ਬੜੇ ਚਾਅ ਨਾਲ ਪੋਤਰੇ ਲਈ ਤੇ ਪੁੱਤਰ ਦੋਹਾਂ ਲਈ ਆਪਣੇ ਹੱਥਾਂ ਨਾਲ ਬੁਣ ਕੇ ਇੱਕ-ਇੱਕ ਸਵੈਟਰ ਉਨ੍ਹਾਂ ਨੂੰ ਦਿੱਤਾ। ਉਨ੍ਹਾਂ ਸਵੈਟਰਾਂ ਦੀ ਬੁਣਤੀ ਇੰਨੀ ਸੋਹਣੀ ਤੇ ਨਿਵੇਕਲੀ ਸੀ ਕਿ ਮੁਹੱਲੇ ਦੀਆਂ ਔਰਤਾਂ ਜਗਤਾਰ ਦੇ ਪੁੱਤਰ ਨੂੰ ਰੋਕ-ਰੋਕ ਕੇ ਬੁਣਤੀ ਦੇਖਣ ਤੇ ਸਮਝਣ ਲੱਗ ਪੈਂਦੀਆਂ।

ਜਗਤਾਰ ਤਾਂ ਪੂਰੀਆਂ ਸਰਦੀਆਂ ਉਹੀ ਸਵੈਟਰ ਪਾਉਂਦਾ, ਜਦੋਂ ਮੈਲਾ ਹੋ ਜਾਂਦਾ ਤਾਂ ਧੋਅ ਕੇ ਫੇਰ ਉਸੇ ਨੂੰ ਹੀ ਪਾ ਲੈਂਦਾ। ਉਸ ਨੂੰ ਉਸ ਵਿੱਚ ਬੜਾ ਨਿੱਘ ਮਹਿਸੂਸ ਹੁੰਦਾ ਤੇ ਉਹ ਆਪਣੇ-ਆਪ ਨੂੰ ਮਹਿਫੂਜ਼ ਵੀ ਸਮਝਦਾ। ਸ਼ਾਇਦ ਉਸ ਵਿਚ ਮਾਂ ਦੇ ਹੱਥਾਂ ਦੀ ਨਿੱਘੀ ਛੁਹ ਸੀ।

ਉਸ ਦੇ ਬੇਟੇ ਨੇ ਇਕੋ ਸਰਦੀਆਂ ਸਵੈਟਰ ਪਾਇਆ ਤੇ ਫੇਰ ਪਰ੍ਹਾਂ ਸੁੱਟ ਦਿੱਤਾ। ਨਵੀਂ ਪੀੜ੍ਹੀ ਦਾ ਮਨ ਜਲਦੀ ਹੀ ਭਰ ਜਾਂਦਾ ਹੈ, ਜਗਤਾਰ ਸੋਚਦਾ।

ਜਗਤਾਰ ਦੀ ਮਾਂ ਨੂੰ ਪੂਰਿਆਂ ਹੋਏ ਛੇ ਸਾਲ ਹੋ ਗਏ ਸਨ। ਸਰਦੀਆਂ ਫੇਰ ਆ ਗਈਆਂ ਸਨ। ਉਸ ਦੇ ਬੇਟੇ ਦੀ ਪੜ੍ਹਾਈ ਪੂਰੀ ਹੋ ਗਈ ਸੀ ਤੇ ਉਹ ਸਰਕਾਰੀ ਨੌਕਰੀ 'ਤੇ ਲੱਗ ਗਿਆ ਸੀ। ਉਹ ਆਪਣੀ ਪਹਿਲੀ ਤਨਖਾਹ 'ਚੋਂ ਜਗਤਾਰ ਲਈ ਇੱਕ ਬਰੈਂਡਿਡ ਸਵੈਟਰ ਲਿਆਇਆ। ਦੋਸਤ-ਮਿੱਤਰ ਕਹਿੰਦੇ ਕਿ ਉਸ 'ਤੇ ਉਹ ਕਾਫੀ ਫੱਬਿਆ ਤੇ ਜਚਿਆ ਹੈ। ਉਸ ਦੀ ਪਤਨੀ ਨੇ ਪਿਛਲੇ ਸਾਲ ਉਸ ਨੂੰ ਬਿਨਾਂ ਪੁੱਛੇ, ਮਾਂ ਦਾ ਬਣਿਆ ਸਵੈਟਰ ਬਰਤਨਾਂ ਵਾਲੀ ਨੂੰ ਦੇ ਦਿੱਤਾ ਸੀ, ਇਹ ਸੋਚ ਕੇ ਕਿ ਬਥੇਰਾ ਪਾ ਲਿਆ ਹੈ ਤੇ ਘਸ ਕੇ ਹੁਣ ਨਿੱਘਾ ਵੀ ਨਹੀਂ ਰਿਹਾ ਹੋਣਾ।

ਹਾਲਾਂਕਿ, ਜਗਤਾਰ ਉਸ ਘਸੇ ਹੋਏ ਸਵੈਟਰ ਨੂੰ ਵੀ ਕਮੀਜ਼ ਦੇ ਥੱਲਿਓਂ ਦੀ ਪਾਉਂਦਾ ਆ ਰਿਹਾ ਸੀ। ਸੀਨੇ ਨੂੰ ਲਗਾ ਕ

26-Feb-Sunday.qxd 2/25/2023 9:58 PM Page 2

ਸ਼ਬਦ ਸਾਂਝ

ਅਤਰਜੀਤ

ਨੂਰ ਵਰ੍ਹਾਉਂਦੇ ਸ਼ਬਦ

(ਅਧਿਆਪਨ ਅਤੇ ਸਾਹਿਤ ਦੇ ਸਰੋਕਾਰ)

ਮੇਰਾ ਪੰਜਾਬੀ ਮਾਂ ਬੋਲੀ ਨਾਲ਼ ਪਿਆਰ

ਮੇਰਾ ਆਪਣੀ ਮਾਂ ਬੋਲੀ ਪੰਜਾਬੀ ਨਾਲ਼ ਆਪਣੀ ਜਣਨੀ ਜਿੰਨਾ ਪਿਆਰ ਹੈ, ਜਿਸ ਦਾ ਸਬੂਤ ਹੈ ਕਿ ਮੈਂ ਆਪਣਾ ਕੋਈ ਬੱਚਾ ਅੰਗਰੇਜ਼ੀ ਮਾਧਿਅਮ ਸਕੂਲ ਵਿੱਚ ਨਹੀਂ ਪਾਇਆ। ਮੈਂ ਵੀ ਤੱਪੜਾਂ 'ਤੇ ਬੈਠ ਕੇ ਪੜ੍ਹਿਆ ਸਾਂ ਤੇ ਮੇਰੇ ਬੱਚੇ ਵੀ ਸਰਕਾਰੀ ਸਕੂਲਾਂ ਦੇ ਤੱਪੜਾਂ 'ਤੇ ਬੈਠ ਕੇ ਹੀ ਪੜ੍ਹੇ ਹਨ। ਠੀਕ ਹੈ ਮੈਂ ਉਨ੍ਹਾਂ ਨੂੰ ਇੰਜੀਨੀਅਰ ਜਾਂ ਆਈ.ਏ.ਐੱਸ. ਜਾਂ ਪੀ.ਸੀ.ਐੱਸ. ਨਹੀਂ ਬਣਾ ਸਕਿਆ, ਪਰ ਸਾਹਿਤਕਾਰ, ਕਵੀ ਤੇ ਵਧੀਆ ਸਟੇਜੀ ਕਲਾਕਾਰ ਜ਼ਰੂਰ ਬਣਾ ਸਕਿਆ ਹਾਂ। ਕੋਈ ਬੱਚਾ ਐੱਮ.ਸੀ.ਏ. ਕਰਕੇ ਉੱਚੀ ਥਾਂ ਪਹੁੰਚ ਗਿਆ ਹੈ ਤੇ ਇੱਕ ਡਾਕਟਰੀ ਦੇ ਕਿੱਤੇ ਵਿੱਚ ਨਾਂਅ ਬਣਾ ਰਿਹਾ ਹੈ। ਮੈਂ ਫ਼ਖ਼ਰ ਕਰ ਸਕਦਾ ਹਾਂ ਆਪਣੇ-ਆਪ ਉੱਪਰ ਕਿ ਮੈਂ ਆਪਣੇ ਕਿਸੇ ਬੱਚੇ ਨੂੰ ਤਿੰਨ-ਤਿੰਨ ਮੰਜ਼ਲੇ ਕਾਰਖ਼ਾਨਿਆਂ ਦੀਆਂ ਚਿਮਨੀਆਂ ਦੀ ਖ਼ੁਰਾਕ ਨਹੀਂ ਬਣਨ ਦਿੱਤਾ।

ਇਹ ਗੱਲ ਸਾਨੂੰ ਪੂਰੀ ਸ਼ਿੱਦਤ ਨਾਲ਼ ਮਨ ਵਿੱਚ ਵਸਾ ਲੈਣੀ ਚਾਹੀਦੀ ਹੈ ਕਿ ਪੰਜਾਬੀ ਭਾਸ਼ਾ ਸਾਡੀ ਮਾਂ ਬੋਲੀ ਹੈ। ਇਸ ਦਾ ਮਤਲਬ ਹੈ ਕਿ ਸਾਡਾ ਇਸ ਨਾਲ਼ ਆਪਣੀ ਜਣਨੀ ਮਾਂ ਜਿੰਨਾ ਪਿਆਰ ਹੀ ਹੋਣਾ ਚਾਹੀਦਾ ਹੈ। ਅੱਜ ਅਸੀਂ ਕੀ ਵੇਖ ਰਹੇ ਹਾਂ ਪੰਜਾਬੀ ਮਾਂ ਦੇ ਸਪੂਤ, ਕਪੂਤ ਬਣ ਕੇ ਇਸ ਵੱਲ ਪਿੱਠ ਕਰੀ ਖੜ੍ਹੇ ਹਨ ਤੇ ਅੰਗਰੇਜ਼ੀ ਸਾਮਰਾਜ ਪੱਖੀ ਨੀਤੀਆਂ ਦਾ ਸ਼ਿਕਾਰ ਹੋ ਕੇ ਆਪਣੇ ਜੀਵਨ ਪੱਧਰ ਦੇ ਚਿੰਨ੍ਹ (Status symble) ਵਜੋਂ ਅੰਗਰੇਜ਼ੀ ਭਾਸ਼ਾ ਨੂੰ ਹੀ ਮਾਂ ਬੋਲੀ ਸਮਝ ਰਹੇ ਹਨ ਤੇ ਘਰ ਵਿੱਚ ਵੀ ਆਪਣੇ ਬੱਚਿਆਂ ਨੂੰ ਅੰਗਰੇਜ਼ ਬਣਿਆ ਵੇਖਣ ਵਿੱਚ ਫ਼ਖ਼ਰ ਸਮਝਦੇ ਹਨ।

ਪਰਵਾਸੀ ਮਜ਼ਦੂਰਾਂ ਨੂੰ ਜਿਨ੍ਹਾਂ ਨੂੰ ਤ੍ਰਿਸਕਾਰ ਨਾਲ਼ ਬ੍ਰਈਏ ਕਹਿਣ ਤੱਕ ਜਾਂਦੇ ਹਨ, ਇਹ ਨਹੀਂ ਵੇਖ ਰਹੇ ਕਿ ਉਨ੍ਹਾਂ ਦੇ ਬੱਚੇ ਹੀ ਸਰਕਾਰੀ ਸਕੂਲਾਂ ਵਿੱਚ ਸਾਡੀ ਮਾਂ ਬੋਲੀ ਨੂੰ ਬਚਾ ਰਹੇ ਹਨ। ਕੇਡੀ ਤੱਜੁਬ ਦੀ ਗੱਲ ਹੈ ਕਿ ਸਾਡੇ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਂਦੇ ਅਧਿਆਪਕਾਂ ਦੇ ਬੱਚੇ ਵੀ ਲੁੱਟ-ਚੋਂਘ ਦੀਆਂ ਅੰਗਰੇਜ਼ੀ ਮਾਧਿਅਮ ਵਾਲ਼ੀਆਂ ਦੁਕਾਨਾਂ (ਕਾਨਵੈਂਟ ਜਾਂ ਪਬਲਿਕ ਸਕੂਲਾਂ) ਵਿੱਚ ਪੜ੍ਹਦੇ ਹਨ, ਜਿਨ੍ਹਾਂ ਨੂੰ ਚੱਲਦੀਆਂ-ਫਿਰਦੀਆਂ ਜੇਲ੍ਹ ਕੋਠੜੀਆਂ ਸੁੱਤਿਆਂ-ਅੱਧ ਸੁੱਤਿਆਂ ਨੂੰ ਘਰਾਂ ਤੋਂ ਚੁੱਕ ਕੇ ਲੈ ਜਾਂਦੀਆਂ ਹਨ ਤੇ ਹਰ ਰੋਜ਼ ਪੰਜ-ਛੇ ਘੰਟਿਆਂ ਦੀ ਕੈਦ ਤੋਂ ਬਾਅਦ ਮਧੋਲ਼ੇ ਜਿਹੇ ਮਹਿਸੂਸ ਕਰਦਿਆਂ ਨੂੰ ਰੋਜ਼ਾਨਾ ਘਰ ਛੱਡ ਜਾਂਦੀਆਂ ਹਨ। ਬੱਚਿਆਂ ਨੂੰ ਬਚਪਨ ਤਾਂ ਮਾਨਣ ਹੀ ਨਹੀਂ ਦਿੱਤਾ ਜਾ ਰਿਹਾ।

ਦੂਜੇ ਵਿਸ਼ਿਆਂ ਦੇ ਅਧਿਆਪਕ ਵੀ ਇਹ ਗੱਲ ਬੜੀ ਮੌਜ ਨਾਲ਼ ਆਖ ਦਿੰਦੇ ਹਨ-"ਪੰਜਾਬੀ ਦਾ ਕੀ ਐ? ਇਹ ਤਾਂ ਬੱਚਾ ਘਰ ਵਿੱਚ ਹੀ ਸਿੱਖ ਲੈਂਦਾ ਹੈ। ਇਸ ਉੱਪਰ ਇੰਨਾ ਖਪਣ ਦੀ ਕੀ ਲੋੜ ਹੈ? ਇਹ ਤਾਂ ਬੰਦਾ ਤੁਰਿਆ-ਫਿਰਦਾ ਹੀ ਸਿੱਖ ਲੈਂਦਾ ਹੈ।" ਮੈਨੂੰ ਇਹ ਬੋਲ ਇਉਂ ਜਾਪਦੇ ਹਨ, ਜਿਵੇਂ ਕੋਈ ਆਪਣੀ ਮੰਜੇ 'ਤੇ ਪਈ ਬਿਮਾਰ ਬਿਰਧ ਮਾਂ ਬਾਰੇ ਕਹਿ ਰਿਹਾ ਹੋਵੇ, "ਮਾਂ ਦਾ ਕੀ ਐ? ਆਪੇ ਉੱਠ ਕੇ ਰਸੋਈ ਵਿੱਚੋਂ ਰੋਟੀ-ਪਾਣੀ ਲੈ ਲਵੇਗੀ, ਘਰ ਵਿੱਚ ਤਾਂ ਪਿਆ ਹੈ ਸਭ ਕੁੱਝ।"

ਮਾਂ ਬੋਲੀ ਪੰਜਾਬੀ ਦਾ ਇਸ ਤੋਂ ਵੱਡਾ ਅਪਮਾਨ ਹੋਰ ਕੀ ਹੋ ਸਕਦਾ ਹੈ। ਮੈਂ ਕੁੱਝ ਪੰਜਾਬੀ ਪਰਵਾਰਾਂ ਦੇ ਘਰੀਂ ਜਾ ਕੇ ਵੇਖਿਆ ਕਿ ਉਨ੍ਹਾਂ ਦੇ ਬੱਚੇ ਘਰ ਵਿੱਚ ਵੀ ਹਿੰਦੀ ਜਾਂ ਅੰਗਰੇਜ਼ੀ ਵਿੱਚ ਬੋਲਦੇ ਹਨ। ਇੱਕ ਦਿਨ ਮੈਂ ਕਿਸੇ ਪਰਵਾਰ ਦੇ ਘਰੋਂ ਦੁੱਧ ਲੈਣ ਗਿਆ ਤਾਂ ਉਨ੍ਹਾਂ ਦੀ ਕੁੜੀ ਬਾਹਰ ਆਈ ਤੇ ਆਪਣੀ ਮਾਂ ਨੂੰ ਬੋਲੀ-"ਮੰਮੀ! ਅੰਕਲ ਆਏ ਹੈਂ! ਇਨ ਕੋ ਦੂਧ ਦੋ।" ਦੁਖੀ ਮਨ ਨਾਲ਼ ਦੁੱਧ ਪਾਉਣ ਆਈ ਕੁੜੀ ਦੀ ਮਾਂ ਤੋਂ ਕਾਰਨ ਪੁੱਛਿਆ ਤਾਂ ਉਸ ਨੇ ਵੀ ਬਗੈਰ ਅਫ਼ਸੋਸ ਪ੍ਰਗਟ ਕੀਤੇ ਹੀ ਕਹਿ ਦਿੱਤਾ-"ਵੀਰ ਜੀ! ਸਕੂਲ ਵਾਲ਼ੇ ਕਹਿੰਦੇ ਹਨ ਕਿ ਘਰ ਵਿੱਚ ਵੀ ਹਿੰਦੀ-ਗਰੇਜ਼ੀ ਬੋਲੋ। ਜੇ ਕੋਈ ਗਰੇਜ਼ੀ ਨਹੀਂ ਸਮਝਦਾ ਤਾਂ ਹਿੰਦੀ ਵਿੱਚ ਗੱਲ-ਬਾਤ ਕਰਨੀ ਹੈ।"

ਮੈਂ ਏਨੀ ਕੁ ਤਸੱਲੀ ਮਹਿਸੂਸ ਕਰਦਾ ਹਾਂ ਕਿ ਮਾਂ ਬੋਲੀ ਨੂੰ ਖੇਤਾਂ ਦੀਆਂ ਵੱਟਾਂ, ਖਾਲ਼ਾਂ-ਕੱਸੀਆਂ, ਸੂਏ, ਕਹੀਆਂ, ਕੁਹਾੜੀਆਂ, ਦਾਤੀਆਂ, ਬੱਠਲ਼, ਗੈਂਤੀਆਂ, ਬੇਲਚੇ ਸਾਡੇ ਪੇਂਡੂ ਘਰਾਂ ਦੇ ਚੁੱਲ੍ਹੇ-ਚੌਂਕੇ, ਰਿੜਕਣੇ-ਮਧਾਣੀਆਂ ਤੇ ਹਾਰੇ ਆਦਿ ਜ਼ਰੂਰ ਸੰਭਾਲ਼ ਰਹੇ ਨੇ।

ਸੋਚੋ! ਪੰਜਾਬੀ ਮਾਂ ਬੋਲੀ ਦਾ ਬੁਰਾ ਹਸ਼ਰ ਕੌਣ ਕਰ ਰਿਹਾ ਹੈ? ਉੱਤਰ ਹੈ ਅਸੀਂ ਸਾਰੇ, ਜੋ ਮਾਂ ਬੋਲੀ ਤੋਂ ਬੇਮੁੱਖ ਹੋ ਚੁੱਕੇ ਹਾਂ।

ਪੰਜਾਬੀ ਮਾਂ ਬੋਲੀ ਨੂੰ ਗੁੱਠੇ ਲਾਉਣ ਵਿੱਚ ਸਾਡੀਆਂ ਸਰਕਾਰਾਂ ਨੇ ਵੀ ਕੋਈ ਕਸਰ ਬਾਕੀ ਨਹੀਂ ਛੱਡੀ। ਇੱਕ ਸਮਾਂ ਸੀ ਜਦ ਸਭ ਵਿਦਿਆਰਥੀ, ਗਰੀਬੀ-ਅਮੀਰੀ ਅਤੇ ਜਾਤ-ਜਨਮ ਦੇ ਭੇਦ ਨੂੰ ਪਾਸੇ ਰੱਖ ਕੇ, ਇੱਕੋ ਤਰ੍ਹਾਂ ਦੇ ਸਕੂਲਾਂ ਵਿੱਚ ਪੜ੍ਹਦੇ ਸਨ। ਗਰੀਬੀ-ਅਮੀਰੀ ਦੀ ਗੁੰਝਲ਼ ਤੋਂ ਬਚਾਉਣ ਲਈ ਸਭ ਲਈ ਇੱਕੋ ਪ੍ਰਕਾਰ ਦੀ ਵਰਦੀ ਲਾਈ ਜਾਂਦੀ ਸੀ। ਮੇਰਾ ਤਜਰਬਾ ਹੈ ਕਿ ਅਧਿਆਪਕ ਲਈ ਵੀ ਚਿੱਟੀ ਕਮੀਜ਼ ਅਤੇ ਖਾਕੀ ਜੀਨ ਦੀ ਪੈਂਟ ਅਤੇ ਕੱਪੜੇ ਦੇ ਖਾਕੀ ਬੂਟ ਤੇ ਖਾਕੀ ਜੁਰਾਬਾਂ ਵਰਦੀ ਰਹੀ ਹੈ। ਤਿੰਨ ਭਾਸ਼ੀ ਫਾਰਮੂਲੇ ਅਧੀਨ ਪੜ੍ਹਾਈ ਮਾਤ ਭਾਸ਼ਾ ਵਿੱਚ ਕਰਵਾਈ ਜਾਂਦੀ ਸੀ। ਤੀਜੀ ਜਮਾਤ ਵਿੱਚ ਹਿੰਦੀ ਅਤੇ ਛੇਵੀਂ ਜਮਾਤ ਅੰਗਰੇਜ਼ੀ ਦਾ ਮੂੰਹ ਦਿਖਾਇਆ ਜਾਂਦਾ ਸੀ।

ਮੈਂ ਇਹ ਵੀ ਦਾਅਵਾ ਕਰ ਸਕਦਾ ਹਾਂ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹੇ ਲੋਕ ਉੱਚੇ ਅਹੁਦਿਆਂ 'ਤੇ ਵੀ ਅੱਪੜੇ ਤੇ ਉੱਚ ਕੋਟੀ ਦੇ ਵਿਦਵਾਨ ਵੀ ਬਣਦੇ ਰਹੇ ਹਨ ਤੱਪੜਾਂ ਵਾਲ਼ੇ ਸਕੂਲਾਂ 'ਚ ਪੜ੍ਹ ਕੇ। ਹੁਣ ਵਿਦਵਤਾ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ ਤੇ ਬੱਚਿਆਂ ਨੂੰ ਤੋਤੇ ਬਣਾਇਆ ਜਾ ਰਿਹਾ ਹੈ।

'ਵਿੱਦਿਆ ਵਿਚਾਰੀ ਤਾ ਪਰਉਪਕਾਰੀ' ਸਿੱਖਿਆ ਜਿਹਾ ਪਰਉਪਕਾਰੀ ਕਾਰਜ ਨਿੱਜੀ ਹੱਥਾਂ ਵਿੱਚ ਦੇ ਕੇ ਸਰਕਾਰਾਂ ਨੇ ਪੰਜਾਬੀ ਮਾਂ ਦਾ ਗਲ਼ਾ ਵੀ ਘੁੱਟ ਦਿੱਤਾ ਤੇ ਪੰਜਾਬੀ ਸੱਭਿਆਚਾਰ ਉੱਪਰ ਘਾਤ ਲਾ ਕੇ ਭਿਆਨਕ ਹਮਲਾ ਵੀ ਕਰ ਦਿੱਤਾ। ਖੇਤਾਂ ਵਿੱਚ ਵੱਡੇ-ਵੱਡੇ ਕਾਰਖਾਨੇ ਖੁੱਲ੍ਹ ਗਏ, ਜਿਨ੍ਹਾਂ ਦੀਆਂ ਚਿਮਨੀਆਂ ਵਿੱਚ ਸਾਡੇ ਪਿੰਡਾਂ-ਸ਼ਹਿਰਾਂ ਦਾ ਕੱਚਾ ਮਾਲ਼ ਖਪਦਾ ਹੈ ਤੇ ਪੱਕ ਕੇ ਵਧੀਆ ਕਿਸਮ ਦੇ ਨਾ ਪੰਜਾਬੀ ਨਾ ਅੰਗਰੇਜ਼ੀ ਕਲ-ਪੁਰਜ਼ੇ ਤਿਆਰ ਹੋ ਕੇ ਬਾਹਰ ਨਿਕਲ਼ਦਾ ਹੈ। ਅਸੀਂ ਪੰਜਾਬ ਦੇ ਨਹੀਂ ਰਹਿਣ ਦੇਣਾ ਆਪਣੇ ਬੱਚਿਆਂ ਨੂੰ। ਆਈਲੈਟਸ ਕਰਾਓ ਤੇ ਸ਼ੁਰਰ ਕਰਕੇ ਬਾਹਰ ਦੀ ਉਡਾਰੀ ਲਵਾ ਦਿਓ। ਪੰਜਾਬੀ ਮਾਂ ਬੋਲੀ ਤੇ ਪੰਜਾਬ ਜਾਵੇ ਜਹੰਨਮ ਨੂੰ।

ਇਕ ਸਮਾਂ ਸੀ ਜਦੋਂ ਪੰਜਾਬੀ ਅਧਿਆਪਕ ਬਣਨ ਲਈ ਦਸਵੀਂ ਤੋਂ ਬਾਅਦ ਗਿਆਨੀ ਦਾ ਇਮਤਿਹਾਨ ਪਾਸ ਕਰਕੇ ਓ.ਟੀ. (Oriental teacher's course) ਕਰਨਾ ਜ਼ਰੂਰੀ ਹੁੰਦਾ ਸੀ। ਉਨ੍ਹਾਂ ਸਮਿਆਂ ਵਿੱਚ ਗਿਆਨੀ ਦੀ ਪੜ੍ਹਾਈ ਨੂੰ ਬਹੁਤ ਸਤਿਕਾਰ ਨਾਲ਼ ਦੇਖਿਆ ਜਾਂਦਾ ਸੀ। ਦਸਵੀਂ ਕਰਨ ਤੋਂ ਬਾਅਦ ਹੀ ਪੰਜਾਬ ਯੂਨੀਵਰਸਿਟੀ ਤੋਂ ਸਿੱਧਾ ਗਿਆਨੀ ਦਾ ਇਮਤਿਹਾਨ ਪਾਸ ਕਰ ਕੇ ਪੰਜਾਬੀ ਦੀ ਬੀ.ਏ. ਆਨਰਜ਼ ਦਾ ਸਰਟੀਫ਼ਿਕੇਟ ਮਿਲ਼ ਜਾਂਦਾ ਸੀ।

ਪੰਜ ਪੇਪਰਾਂ ਦੀਆਂ ਤਕਰੀਬਨ ਤੀਹ-ਪੈਂਤੀ ਪੁਸਤਕਾਂ ਪੜ੍ਹਨੀਆਂ ਪੈਂਦੀਆਂ ਸਨ। ਸਾਰੀਆਂ ਪੁਸਤਕਾਂ ਉੱਚ ਕੋਟੀ ਦੇ ਵਿਦਵਾਨਾਂ, ਕਹਾਣੀਕਾਰਾਂ ਜਾਂ ਨਾਵਲਕਾਰਾਂ, ਆਲੋਚਕਾਂ ਦੀਆਂ ਚੋਣਵੀਆਂ ਪੁਸਤਕਾਂ ਹੁੰਦੀਆਂ ਸਨ। ਸਹੀ ਤਰੀਕੇ ਨਾਲ਼ ਗਿਆਨੀ ਕਰਕੇ ਵਿਅਕਤੀ ਵਿਦਵਾਨ ਬਣ ਕੇ ਨਿਕਲ਼ਦਾ ਸੀ।

ਫਿਰ ਓ.ਟੀ. ਦੇ ਕੋਰਸ ਦਾ ਨਾਂਅ ਐਲ.ਟੀ. ਸੀ. (Language teacher's course) ਕਰ ਦਿੱਤਾ ਗਿਆ। ਗਿਆਨੀ ਕਰਕੇ ਕੀਤਾ ਇਹ ਕੋਰਸ ਪੰਜਾਬੀ ਅਧਿਆਪਕ ਲਈ ਆਪਣੇ-ਆਪ ਵਿੱਚ ਸੰਪੂਰਨ ਵਿਦਵਤਾ ਦਾ ਪ੍ਰਤੀਕ ਸੀ। ਪੰਜਾਬੀ ਅਧਿਆਪਕ ਨੂੰ ਗਿਆਨੀ ਜੀ ਕਹਿ ਕੇ ਬੁਲਾਉਣ ਪਿੱਛੇ ਬਹੁਤ ਸਤਿਕਾਰ ਛੁਪਿਆ ਹੁੰਦਾ ਸੀ। ਮੈਨੂੰ ਅੱਜ ਵੀ ਪੁਰਾਣੇ ਮਿੱਤਰ ਗਿਆਨੀ ਜੀ ਜਾਂ ਸਿਰਫ਼ 'ਗਿਆਨੀ' ਕਹਿ ਕੇ ਬੁਲਾ ਲੈਂਦੇ ਹਨ।

ਜੇ ਕੋਈ ਸਿਰਫ਼ ਪੰਜਾਬੀ ਭਾਸ਼ਾ ਜਾਂ ਗੁਰਮੁਖੀ ਅੱਖਰਾਂ ਤੱਕ ਗਿਆਨ ਰੱਖਦਾ ਹੁੰਦਾ ਤਾਂ ਉਹਦੇ ਲਈ ਪੰਜਾਬ ਯੂਨੀਵਰਸਿਟੀ ਨੇ ਹੋਰ ਸਹੂਲਤ ਦਿੱਤੀ ਹੋਈ ਸੀ। ਅੱਠਵੀਂ ਤੱਕ ਦੇ ਪੰਜਾਬੀ ਦੇ ਵਿਸ਼ੇ ਲਈ (ਗੁਰਮਤਿ ਗਿਆਨ ਲਈ) ਬੁੱਧੀਮਾਨੀ, ਫਿਰ (ਗੁਰਬਾਣੀ ਆਧਾਰਤ) ਦਸਵੀਂ ਪੱਧਰ ਦੀ ਪੰਜਾਬੀ ਲਈ ਵਿਦਵਾਨੀ ਅਤੇ ਫਿਰ ਬੀ.ਏ. ਪੱਧਰ ਲਈ ਗਿਆਨੀ ਦੀ ਪ੍ਰੀਖਿਆ ਦੇ ਕੇ ਗਿਆਨੀ ਪਾਸ ਕਰ ਸਕਦਾ ਸੀ।

ਉੱਚ ਕੋਟੀ ਦੇ ਸਾਹਿਤਕਾਰਾਂ ਦਾ ਸਾਹਿਤ ਪੜ੍ਹਿਆ ਹੋਣ ਕਰਕੇ ਇਹ ਲੋਕ ਉੱਚ ਕੋਟੀ ਦੇ ਵਿਦਵਾਨ ਬਣ ਕੇ ਸਮਾਜ ਵਿੱਚ ਉੱਤਰਦੇ ਸਨ। ਗਿਆਨੀ ਹੀਰਾ ਸਿੰਘ ਦਰਦ, ਗਿਆਨੀ ਲਾਲ ਸਿੰਘ, ਗਿਆਨੀ ਜ਼ੈਲ ਸਿੰਘ, ਗਿਆਨੀ ਕਰਤਾਰ ਸਿੰਘ, ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਆਦਿ ਬਹੁਤ ਸਾਰੇ ਨਾਂਅ ਲਏ ਜਾ ਸਕਦੇ ਹਨ। ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਕੁਰਬਾਨੀਆਂ ਦੇ ਪੁੰਜ ਤੇ ਵੱਡੇ ਕਹਾਣੀਕਾਰ ਪੰਜਾਬ ਦੇ ਮੁੱਖ ਮੰਤਰੀ ਰਹੇ ਅਤੇ ਗਿਆਨੀ ਜ਼ੈਲ ਸਿੰਘ ਗੁਰਦੁਆਰੇ ਵਿੱਚ ਗ੍ਰੰਥੀ ਦੀ ਸੇਵਾ ਨਿਭਾਉਂਦੇ ਵਿਦਵਾਨੀ, ਬੁੱਧੀਮਾਨੀ ਕਰਕੇ ਗਿਆਨੀ ਕਰਨ ਵਾਲ਼ੇ ਸਨ, ਜੋ ਰਾਜਨੀਤੀ ਵਿੱਚ ਪੈ ਕੇ ਰਾਸ਼ਟਰਪਤੀ ਦੇ ਅਹੁਦੇ ਤੱਕ ਪਹੁੰਚੇ।

ਹੋਰ ਵਿਦਵਾਨਾਂ ਦਾ ਪੰਜਾਬੀ ਅਦਬ ਵਿੱਚ ਬਹੁਤ ਵੱਡਾ ਮੁਰਾਤਬਾ ਰਿਹਾ ਹੈ। ਗਿਆਨੀ ਦੇ ਰੁਤਬੇ ਵਾਲ਼ੇ ਬਹੁਤ ਸਾਰੇ ਵਿਦਵਾਨਾਂ ਨੂੰ ਉਨ੍ਹਾਂ ਦੇ ਪੰਜਾਬੀ ਸਾਹਿਤ ਵਿੱਚ ਕੀਤੇ ਵੱਡੇ ਕਾਰਜਾਂ ਕਰਕੇ ਉਨ੍ਹਾਂ ਦਾ ਅੱਜ ਵੀ ਪੰਜਾਬੀ ਸਾਹਿਤ ਵਿੱਚ ਉੱਚਾ ਮੁਕਾਮ ਹਾਸਲ ਹੈ। ਗਿਆਨੀ ਕਰਤਾਰ ਸਿੰਘ ਵੇਖਣ ਨੂੰ ਜੁੰਡਲ਼ ਜਿਹਾ ਸ਼ਖ਼ਸ ਜਾਪਦਾ ਹੁੰਦਾ ਸੀ, ਪਰ ਰਾਜਨੀਤੀ ਵਿੱਚ ਉਸ ਦਾ ਬਹੁਤ ਵੱਡਾ ਮੁਕਾਮ ਰਿਹਾ ਸੀ।

ਮੈਂ ਛੇਵੀਂ ਜਮਾਤ ਤੱਕ ਕਿੱਸਾ ਰੂਪ ਬਸੰਤ, ਤੇ ਕਿੱਸਾ ਪੂਰਨ ਭਗਤ ਤੋਂ ਇਲਾਵਾ ਗਿਆਨੀ ਸੋਹਣ ਸਿੰਘ ਸੀਤਲ ਦੀਆਂ ਤਕਰੀਬਨ ਸਾਰੀਆਂ ਹੀ ਢਾਡੀ ਵਾਰਾਂ-ਸੀਤਲ ਹੱਥੂ, ਸੀਤਲ ਨਗ਼ਮੇ, ਸੀਤਲ ਤਰਾਨੇ, ਸੀਤਲ ਕਿਰਨਾ, ਦੁਖੀਏ ਮਾਂ-ਪੁੱਤ ਆਦਿ ਪੜ੍ਹ ਲਈਆਂ ਸਨ। ਸਾਡੇ ਸਕੇ ਪੰਜ ਪਰਵਾਰਾਂ ਵਿੱਚ ਸਿੱਖੀ ਰਹਿਤ ਮਰਿਆਦਾ ਹੋਣ ਕਾਰਨ, ਸਾਡੀ ਸ਼੍ਰੋਮਣੀ ਕਮੇਟੀ ਤੱਕ ਰਸਾਈ ਸੀ। ਅੰਮ੍ਰਿਤਸਰ ਤੋਂ ਅੱਸੀ ਕਿਤਾਬਾਂ ਸਾਡੇ ਘਰ ਆਈਆਂ। ਦਸਵੀਂ ਤੱਕ ਮੈਂ ਉਹ ਤਕਰੀਬਨ ਸਾਰੀਆਂ ਧਾਰਮਿਕ ਅਤੇ ਇਤਿਹਾਸਕ ਕਿਤਾਬਾਂ ਪੜ੍ਹ ਦਿੱਤੀਆਂ ਸਨ।

ਅੱਠਵੀਂ ਜਮਾਤ ਤੱਕ ਤਾਂ ਮੈਂ ਸਕੂਲ ਵਿੱਚ ਹਰ ਸ਼ਨੀਵਾਰ ਕਰਵਾਈ ਜਾਂਦੀ ਮੀਟਿੰਗ ਦਾ ਸ਼ਿੰਗਾਰ ਹੁੰਦਾ ਸਾਂ। ਘਰ ਵਿੱਚ ਲਿਆਂਦੇ ਕਿੱਸਿਆਂ ਵਿੱਚੋਂ, ਹਰ ਮੀਟਿੰਗ ਵਿੱਚ ਕੋਈ ਨਾ ਕੋਈ ਪਰਸੰਗ ਸੁਣਾਇਆ ਕਰਦਾ ਸਾਂ। ਦਸਵੀਂ ਤੱਕ ਆਪ ਵੀ ਛੋਟੇ-ਮੋਟੇ ਧਾਰਮਿਕ ਗੀਤ ਲਿਖਣ ਲੱਗ ਪਿਆ ਸਾਂ। ਦਸਵੀਂ ਕਰਨ ਉਪਰੰਤ ਗਿਆਨੀ ਕਰਨ ਦਾ ਸ਼ੌਕ ਜਾਗ ਪਿਆ।

ਗਿਆਨੀ ਕਰਕੇ ਕੋਈ ਵੀ ਵਿਅਕਤੀ ਅੰਗਰੇਜ਼ੀ ਦੀ ਐੱਫ਼.ਏ. ਕਰਕੇ ਬੀ.ਏ. ਕਰ ਸਕਦਾ ਸੀ। ਫਿਰ ਕਿਸੇ ਇੱਕ ਵਿਸ਼ੇ ਦਾ ਬੀ.ਏ. ਤੱਕ ਦਾ ਇਮਤਿਹਾਨ ਪਾਸ ਕਰਕੇ ਮੁਕੰਮਲ ਬੀ.ਏ. ਦੀ ਡਿਗਰੀ ਹਾਸਲ ਕਰ ਸਕਦਾ ਸੀ। ਅਫ਼ਸੋਸ ਕਿ ਪਤਾ ਨਹੀਂ ਕਿਸ ਨੀਤੀ ਤਹਿਤ ਇਹ ਰਸਤਾ ਬੰਦ ਕਰ ਦਿੱਤਾ ਗਿਆ ਹੈ।

ਇਹ ਲੋਕ ਕਿਸੇ ਕੋਲ ਵੀ ਕਾਲਜਾਂ ਵਿੱਚ ਪੜ੍ਹੇ ਲੋਕਾਂ ਨਾਲ਼ੋਂ ਗਿਆਨ ਵਿੱਚ ਘੱਟ ਨਹੀਂ ਸੀ ਹੁੰਦੇ, ਪਰ ਤ੍ਰਿਸਕਾਰ ਵਜੋਂ ਇਨ੍ਹਾਂ ਨੂੰ ਵਾਇਆ ਬਠਿੰਡਾ ਕਹਿ ਕੇ ਅਪਮਾਨਤ ਵੀ ਕੀਤਾ ਜਾਂਦਾ ਰਿਹਾ ਹੈ। ਮੈਂ ਉਨ੍ਹਾਂ ਵਿੱਚੋਂ ਇੱਕ ਹਾਂ, ਜੋ ਵਾਇਆ ਬਠਿੰਡਾ ਆਇਆ ਸਾਂ। ਕੋਈ ਗੁਮਾਨ ਨਹੀਂ, ਆਪਣੇ ਅਪਣਾਏ ਇਸ ਫ਼ਰਜ਼-ਅਧਿਆਪਨ ਕਾਰਜ ਵਿੱਚ ਨਵੀਆਂ ਪੈੜਾਂ ਪਾਉਣ ਦਾ ਫ਼ਖ਼ਰ ਮਹਿਸੂਸ ਹੁੰਦਾ ਹੈ। ਵਾਇਆ ਬਠਿੰਡਾ ਆ ਕੇ ਮੇਰੀ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਵਿੱਚ ਮਜ਼ਬੂਤ ਪਕੜ ਹੈ। ਉਰਦੂ ਵੀ ਚੰਗੀ ਤਰ੍ਹਾਂ ਪੜ੍ਹ-ਲਿਖ ਸਕਦਾ ਹਾਂ।

ਬੇਸ਼ਕੀਮਤੀ ਸਾਹਿਤ ਪੜ੍ਹਿਆ ਹੋਣ ਕਰਕੇ ਪੱਤਰ ਵਿਹਾਰ ਰਾਹੀਂ ਐੱਮ.ਏ. ਪੰਜਾਬੀ ਕਰਨ ਲਈ ਕੋਰਸ ਵਿੱਚ ਲੱਗੀਆਂ ਬਹੁਤੀਆਂ ਪੁਸਤਕਾਂ ਅਗਾਊਂ ਪੜ੍ਹੀਆਂ ਹੋਣ ਕਰਕੇ ਮੈਨੂੰ ਬਹੁਤੀ ਮਿਹਨਤ ਵੀ ਨਹੀਂ ਸੀ ਕਰਨੀ ਪਈ। ਪੰਦਰਾਂ-ਪੰਦਰਾਂ ਦਿਨਾਂ ਦੀਆਂ ਯੂਨੀਵਰਸਿਟੀ ਕੈਂਪਸ ਵਿੱਚ ਲੱਗੀਆਂ ਕਲਾਸਾਂ ਦੇ ਸਿਰੋਂ ਹੀ ਪਹਿਲਾ ਭਾਗ ਸੱਠ ਪ੍ਰਤੀਸ਼ਤ ਨੰਬਰ ਲੈ ਕੇ

ਪਹਿਲੇ ਦਰਜੇ ਵਿੱਚ ਪਾਸ ਕਰ ਲਿਆ, ਪਰ ਦੂਜੇ ਭਾਗ ਸਮੇਂ ਬਹੁਤ ਭਿਆਨਕ ਹਾਲਾਤ ਦਾ ਸਾਹਮਣਾ ਕਰਨਾ ਪਿਆ, ਜਿਸ ਨਾਲ਼ ਇੱਕ ਪਰਚੇ ਵਿੱਚੋਂ ਸਿਰਫ਼ ਤਿੰਨ ਨੰਬਰ ਘਟਣ ਕਰਕੇ ਦੂਜਾ